### 1:3-25

# ਮੁਕਤੀ: ਨਿਹਚਾ ਦਾ ਪਰਿਣਾਮ (ਭਾਗ 1)

ਸ਼ੁਰੂਆਤੀ ਆਇਤਾਂ ਤੋਂ ਇਹ ਸਪੱਸ਼ਟ ਹੈ ਕਿ ਪਤਰਸ ਨੇ ਸੋਚਿਆ ਕਿ ਉਸ ਦੇ ਪਾਠਕ ਸਿੱਧਾ ਇਸਰਾਏਲ ਦੇ ਵਿਰੁੱਧ ਖੜ੍ਹੇ ਸਨ। ਉਹ ਪਰਮੇਸ਼ੁਰ ਦੇ "ਚੁਣੇ ਹੋਏ" ਲੋਕ ਸਨ। ਜਦ ਕਿ ਯਹੂਦੀਆਂ ਅਤੇ ਪਰਾਈਆਂ ਕੌਮਾਂ ਦੋਹਾਂ ਨੂੰ ਉਸ ਦੇ ਪਾਠਕਾਂ ਵਿਚ ਗਿਣਿਆ ਜਾਂਦਾ ਸੀ, ਦੋਵੇਂ ਯਿਸੂ ਮਸੀਹ ਵਿਚ ਉਹ ਦੇ ਨਾਲ ਉਨ੍ਹਾਂ ਦੇ ਰਿਸ਼ਤੇ ਦੇ ਕਾਰਣ ਪਰਮੇਸ਼ੁਰ ਦੇ ਚੁਣੇ ਹੋਏ ਸਨ। ਰਸੂਲ ਦੇ ਸ਼ਬਦ ਪਰਮੇਸ਼ੁਰ ਦੇ ਲੋਕਾਂ ਦੀ ਪੁਰਾਣੇ ਨੇਮ ਦੀ ਸਮਝ ਵਿਚ ਬਹੁਤ ਗਹਿਰਾਈ ਤੱਕ ਪਹੁੰਚੇ, ਪਰ ਛੇਤੀ ਹੀ ਪੁਰਾਣੇ ਨੇਮ ਦੀਆਂ ਧਾਰਣਾਵਾਂ ਕਾਫ਼ੀ ਨਹੀਂ ਸਨ। ਆਖ਼ਰਕਾਰ, ਉਸ ਦੇ ਪਾਠਕਾਂ ਨੇ ਨਵੇਂ ਜਨਮ ਦਾ ਅਨੁਭਵ ਕੀਤਾ ਸੀ। ਉਨ੍ਹਾਂ ਦੀ ਜੀਉਂਦੀ ਆਸ ਯਿਸੂ ਮਸੀਹ ਦੇ ਜੀ ਉੱਠਣ ਤੇ ਅਧਾਰਿਤ ਸੀ। ਉਨ੍ਹਾਂ ਦਾ ਉੱਤਰਧਿਕਾਰ ਸਦੀਪਕ ਸੀ, ਸਵਰਗ ਵਿਚ ਰੱਖਿਆ ਸੀ। ਨਿਹਚਾ ਰਾਹੀਂ, ਉਹ ਆਖ਼ਰੀ ਸਮੇਂ ਵਿਚ ਮੁਕਤੀ ਦੇ ਪਰਗਟ ਕੀਤੇ ਜਾਣ ਦੀ ਤਲਾਸ਼ ਕਰਦੇ ਸਨ।

## "ਜੀਉਂਦੀ ਆਸ ਲਈ, ਦੁਬਾਰਾ ਜਨਮ ਪਾਏ ਹੋਏ" (1:3-5)

**3ਮੁਬਾਰਕ ਹੈ ਸਾਡੇ ਪ੍ਰਭੂ ਯਿਸੂ ਮਸੀਹ ਦਾ ਪਰਮੇਸ਼ੁਰ ਅਤੇ ਪਿਤਾ ਜਿਹ ਨੇ ਆਪਣੀ ਅੱਤ ਦਯਾ ਦੇ ਅਨੁਸਾਰ ਯਿਸੂ ਮਸੀਹ ਦੇ ਮੁਰਦਿਆਂ ਵਿੱਚੋਂ ਜੀ ਉੱਠਣ ਦੇ ਕਾਰਨ ਸਾਨੂੰ ਜੀਉਂਦੀ ਆਸ ਲਈ ਨਵੇਂ ਸਿਰਿਓਂ ਜਨਮ ਦਿੱਤਾ। 4ਅਰਥਾਤ ਓਸ ਅਵਨਾਸੀ, ਨਿਰਮਲ ਅਤੇ ਨਾ ਕੁਮਲਾਉਣ ਵਾਲੇ ਅਧਕਾਰ ਲਈ ਜੋ ਸੁਰਗ ਵਿੱਚ ਤੁਹਾਡੇ ਲਈ ਧਰਿਆ ਹੋਇਆ ਹੈ। 5ਜਿਹੜੇ ਨਿਹਚਾ ਦੇ ਰਾਹੀਂ ਪਰਮੇਸ਼ੁਰ ਦੀ ਸਮਰੱਥਾ ਨਾਲ ਓਸ ਮੁਕਤੀ ਨੂੰ ਪਰਾਪਤ ਹੋਣ ਲਈ ਜੋ ਅੰਤ ਦੇ ਸਮੇਂ ਪਰਗਟ ਹੋਣ ਵਾਲੀ ਹੈ ਬਚਾਏ ਰਹਿੰਦੇ ਹੋ।**

**ਆਇਤ 3.** ਪਤਰਸ ਦੇ ਸ਼ਬਦ ਉਸ ਦ੍ਰਿੜ੍ਹ ਰਵੱਈਏ ਦੇ ਲਈ ਅਨੂਠੇ ਸਨ ਜੋ ਉਸ ਨੇ ਇਸਰਾਏਲ ਦੇ ਲਈ ਪਰਮੇਸ਼ੁਰ ਦੇ ਪਰਕਾਸ਼ ਤੇ ਅਪਨਾਇਆ ਜਦੋਂ ਉਹ ਮਸੀਹ ਵਿਚ ਉਸ ਦੇ ਪਰਕਾਸ਼ ਦੇ ਨਵੇਂਪਣ ਵਿਚ ਅੱਗੇ ਵਧਿਆ। ਇਸਰਾਏਲ ਦੇ ਧਰਮਾਤਮਾ ਨਸੀਹਤ ਜਾਂ ਉਸਤਤ ਦੇ ਸ਼ਬਦਾਂ ਨਾਲ **ਮੁਬਾਰਕ ਹੈ** ਸ਼ਬਦਾਂ ਨਾਲ ਸ਼ੁਰੂਆਤ ਕਰਨਾ ਯੋਗ ਮੰਨਦੇ ਸਨ। ਮਲਕਿਸਿਦਕ, ਸ਼ਾਲੇਮ ਦੇ ਰਾਜਾ ਨੇ ਐਲਾਨ ਕੀਤਾ, "ਅੱਤ ਮਹਾਂ ਪਰਮੇਸ਼ੁਰ ਦਾ ਅਬਰਾਮ ਮੁਬਾਰਕ ਹੋਵੇ," ਫਿਰ ਉਸ ਦੇ ਕਿਹਾ, "ਮੁਬਾਰਕ ਹੈ ਅੱਤ ਮਹਾਂ ਪਰਮੇਸ਼ੁਰ" (ਉਤਪਤ 14:19,

20)। ਦਾਊਦ ਨੇ ਅਬੀਗੈਲ ਨਾਲ ਆਪਣੀਆਂ ਗੱਲਾਂ ਦੀ ਸ਼ੁਰੂਆਤ ਇਸ ਤਰ੍ਹਾਂ ਕੀਤੀ, "ਮੁਬਾਰਕ ਹੈ ਯਹੋਵਾਹ ਇਸਰਾਏਲ ਦਾ ਪਰਮੇਸ਼ੁਰ" (1 ਸਮੂਏਲ 25:32)। ਜ਼ਬੂਰ ਲਿਖਣ ਵਾਲਿਆਂ ਨੇ ਬਾਰ-ਬਾਰ ਯਹੋਵਾਹ ਦੀ ਉਸਤਤ ਵਿਚ ਇਨ੍ਹਾਂ ਸ਼ਬਦਾਂ ਦੀ ਵਰਤੋਂ ਕੀਤੀ (ਉਦਾਹਰਣ ਦੇ ਲਈ, ਜ਼ਬੂਰ 28:6; 31:21; 41:13; 66:20; 68:19, 35)। ਜਦੋਂ ਯਿਸੂ ਯਰੂਸ਼ਲਮ ਵਿਚ ਦਾਖ਼ਲ ਹੋਇਆ ਤਾਂ ਭੀੜ ਨੇ ਉੱਚੀ ਅਵਾਜ਼ ਵਿਚ ਪੁਕਾਰ ਕੇ ਆਖਿਆ, "ਮੁਬਾਰਕ ਉਹ ਜਿਹੜਾ ਪ੍ਰਭੂ ਦੇ ਨਾਮ ਉੱਤੇ ਆਉਂਦਾ ਹੈ" (ਮੱਤੀ 21:9)।[1] ਇਸੇ ਵਿਆਕਰਣ ਰਚਨਾ ਦੀ ਵਰਤੋਂ ਕਰਦਿਆਂ ਜੋ ਪਤਰਸ ਨੇ ਵਰਤੀ ਹੈ, ਜ਼ਕਰਯਾਹ ਨੇ ਐਲਾਨ ਕੀਤਾ, "ਮੁਬਾਰਕ ਹੈ ਪ੍ਰਭੂ ਇਸਰਾਏਲ ਦਾ ਪਰਮੇਸ਼ੁਰ" (ਲੂਕਾ 1:68)। ਅੰਤ ਵਿਚ, ਪੌਲੁਸ ਨੇ ਵੀ 2 ਕੁਰਿੰਥੀਆਂ 1:3 ਅਤੇ ਅਫ਼ਸੀਆਂ 1:3 ਵਿਚ ਪਤਰਸ ਵਰਗੀ ਸ਼ਬਦਾਵਲੀ ਦੀ ਵਰਤੋਂ ਕੀਤੀ ਹੈ।

ਇਨ੍ਹਾਂ ਸ਼ਬਦਾਂ ਦੀ ਜੜ੍ਹ ਇਸਰਾਏਲ ਦੇ ਧਰਮ ਗ੍ਰੰਥਾਂ ਦੀ ਪਵਿੱਤਰਤਾ ਅਤੇ ਇਸ ਦੀ ਸਿਨਾਗੋਗੀ (ਇਬਾਦਤ ਘਰ) ਰਵਾਇਤ ਵਿਚ ਹੈ, ਪਰ ਪਤਰਸ ਨੇ ਇਸ ਨੂੰ ਹੋਰ ਵੀ ਵਿਸਤਾਰ ਸਹਿਤ ਦੱਸਿਆ। ਰਸੂਲ ਲਈ, ਪਰਮੇਸ਼ੁਰ ਦਾ ਮੁਬਾਰਕਪਣ ਇਸ ਗੱਲ ਵਿਚ ਪੂਰੀ ਤਰ੍ਹਾਂ ਪਰਗਟ ਹੋਇਆ ਸੀ ਕਿ ਉਹ **ਸਾਡੇ ਪ੍ਰਭੂ ਯਿਸੂ ਮਸੀਹ ਦਾ ਪਰਮੇਸ਼ੁਰ ਅਤੇ ਪਿਤਾ ਹੈ**। ਪਤਰਸ ਨੇ ਪੁਸ਼ਟੀ ਕੀਤੀ ਕਿ ਪਰਮੇਸ਼ੁਰ ਵਿਸ਼ੇਸ਼ ਤੌਰ ਤੇ ਮਨੁੱਖ ਯਿਸੂ ਨਾਸਰੀ ਦਾ "ਪਿਤਾ" ਹੈ। ਇਸ ਤੋਂ ਇਲਾਵਾ, ਯਿਸੂ ਨਾਸਰੀ, "ਸਾਡਾ ਪ੍ਰਭੂ ਯਿਸੂ ਮਸੀਹ" ਹੈ। ਨਾਸਰਤ ਦੇ ਯਿਸੂ ਦੀ ਪ੍ਰਭੂਤਾ ਸਪੱਸ਼ਟ ਸੀ ਜਦੋਂ ਉਹ ਮਨੁੱਖੀ ਰੂਪ ਵਿਚ ਹੋ ਕੇ ਇਸ ਧਰਤੀ ਉੱਤੇ ਰਿਹਾ, ਪਰ ਪਰਮੇਸ਼ੁਰ ਦੇ ਹੱਥਾਂ ਵਿਚ ਉਸ ਦੇ ਰਾਜ ਕਰਨ ਲਈ ਉਸ ਦੀ ਉਸਤਤ ਦੁਆਰਾ ਇਸ ਨੂੰ ਹੋਰ ਜ਼ਿਆਦਾ ਐਲਾਨਿਆ ਗਿਆ ਹੈ। ਇਸ ਤਰ੍ਹਾਂ ਪਤਰਸ ਨੇ ਆਪਣੇ ਪਾਠਕਾਂ ਨੂੰ ਨਵੇਂ ਪਰਕਾਸ਼ ਵੱਲ ਅੱਗੇ ਵਧਾਉਣ ਲਈ ਪੁਰਾਣੇ ਨੇਮ ਦੇ ਪਰਕਾਸ਼ ਤੇ ਕਾਇਮ ਰਿਹਾ।

ਪਰਮੇਸ਼ੁਰ ਦੀ ਉਸਤਤ ਹੋਣੀ ਚਾਹੀਦੀ ਹੈ। ਉਹ ਹਮੇਸ਼ਾ-ਹਮੇਸ਼ਾ ਦੇ ਲਈ ਆਪਣੇ ਲੋਕਾਂ ਦੁਆਰਾ ਮੁਬਾਰਕ ਹੁੰਦਾ ਹੈ ਕਿਉਂਕਿ ਉਸ ਨੇ ਉਨ੍ਹਾਂ ਨੂੰ ਬਚਾਉਣ ਦੀ ਪਹਿਲ ਕੀਤੀ ਹੈ। ਇਹ ਉਸ ਦੀ **ਅੱਤ ਦਯਾ ਦੇ ਅਨੁਸਾਰ** ਹੈ ਕਿ ਰਸੂਲ ਅਤੇ ਉਸ ਦੇ ਪਾਠਕਾਂ ਨੇ ਉਸ ਰਿਸ਼ਤੇ ਦਾ ਅਨੰਦ ਮਾਣਿਆ ਜੋ ਉਨ੍ਹਾਂ ਦਾ ਪਰਮੇਸ਼ੁਰ ਦੇ ਨਾਲ ਸੀ। ਉਹ ਆਸ ਅਤੇ ਮਸੀਹ ਦੇ ਵਾਅਦੇ ਵਿਚ ਸਾਂਝੀ ਸਨ ਕਿਉਂਕਿ ਪਰਮੇਸ਼ੁਰ ਨੇ "ਆਪਣੀ ਅੱਤ ਦਯਾ" ਨਾਲ ਆਪਣੇ ਪੁੱਤਰ ਯਿਸੂ ਨੂੰ ਛੁਟਕਾਰਾ ਦੇਣ ਵਾਲੇ ਵਜੋਂ ਭੇਜਣ ਦੁਆਰਾ ਕਾਰਵਾਈ ਕਰਨਾ ਅਤੇ ਲੋਕਾਂ ਤੱਕ ਪਹੁੰਚਣਾ ਚੁਣਿਆ ਸੀ।

ਪਤਰਸ ਨੇ ਨਵੇਂ ਦੀ ਪੁਰਾਣੇ ਤੇ ਉਸਾਰੀ ਕਰਨਾ ਜਾਰੀ ਰੱਖਿਆ। ਇਹ ਕਿ ਪਰਮੇਸ਼ੁਰ ਮੁਬਾਰਕ ਸੀ, ਇਹ ਕਿ ਉਸ ਦੀਆਂ ਦਯਾਂ ਮਹਾਨ ਸਨ ਜਿਨ੍ਹਾਂ ਨੇ ਬੜੀ ਮੁਸ਼ਕਲ ਨਾਲ ਨਵੀਆਂ ਜਾਂ ਹੈਰਾਨ ਕਰ ਦੇਣ ਵਾਲੀਆਂ ਧਾਰਣਾਵਾਂ ਨੂੰ ਕਾਇਮ ਕੀਤਾ। ਉਨ੍ਹਾਂ ਦੀ ਜੜ੍ਹ ਇਸਰਾਏਲ ਦੇ ਭੂਤਕਾਲ ਵਿਚ ਬਹੁਤ ਜ਼ਿਆਦਾ ਡੂੰਘੀ ਸੀ, ਪਰ ਅਗਲਾ ਵਿਚਾਰ ਨਹੀਂ ਸੀ।[2] ਯਹੂਦੀ ਜਨਮ ਤੋਂ ਪਰਮੇਸ਼ੁਰ ਦੇ ਲੋਕਾਂ ਦੀਆਂ ਬਰਕਤਾਂ ਵਿਚ ਸਾਂਝੀ ਹੁੰਦਾ ਸੀ। ਜਦੋਂ ਉਸ ਦੀ ਮਾਂ ਨੇ ਉਸ ਨੂੰ ਜਨਮ ਦਿੱਤਾ ਅਤੇ ਉਸ ਦੇ ਪਿਤਾ ਨੇ ਅੱਠਵੇਂ ਦਿਨ ਉਸ ਦੀ ਸੁੰਨਤ ਕਰਵਾਈ, ਉਹ ਪਰਮੇਸ਼ੁਰ ਦੇ ਲੋਕਾਂ ਦੇ ਸਮਾਜ ਦਾ ਹਿੱਸਾ ਬਣ ਗਿਆ। ਪਤਰਸ ਦੇ ਪਾਠਕਾਂ ਲਈ ਇਸ ਤਰ੍ਹਾਂ ਨਹੀਂ ਸੀ! ਇਹ ਸਰੀਰਕ ਜਨਮ ਨਹੀਂ ਸੀ, ਪਰ ਇਹ ਉਹ ਜਨਮ ਸੀ ਕਿ ਉਸ ਜਨਮ ਨਾਲੋਂ ਘੱਟ ਅਦਭੁਤ ਨਹੀਂ ਸੀ ਜਿਸ ਦੇ ਨਤੀਜੇ ਵਜੋਂ ਕੋਈ ਮਸੀਹੀ ਸਮਾਜ ਵਿਚ ਸਾਂਝੀ ਬਣ ਜਾਂਦਾ ਸੀ।

ਉਨ੍ਹਾਂ ਦਾ **ਨਵੇਂ ਸਿਰਿਓਂ ਜਨਮ** ਹੋਇਆ ਸੀ। ਉਨ੍ਹਾਂ ਦੇ ਨਵੇਂ ਜਨਮ ਦੇ ਰਾਹੀਂ ਪਰਮੇਸ਼ੁਰ ਨੇ ਉਨ੍ਹਾਂ ਨੂੰ ਆਪਣੇ ਲੋਕਾਂ ਦੀ ਗਿਣਤੀ ਵਿਚ ਜੋੜਿਆ ਸੀ।

ਨਵੇਂ ਨੇਮ ਦੇ ਲੇਖਕਾਂ ਨੇ ਇਕ ਵਿਅਕਤੀ ਦੇ ਗੈਰ-ਮਸੀਹੀ ਤੋਂ ਮਸੀਹੀ ਜੀਵਨ ਵਿਚ ਬਦਲਣ ਦਾ ਵਰਣਨ ਕਰਨ ਲਈ ਮੂਲ ਸ਼ਬਦਾਂ ਦੀ ਵਰਤੋਂ ਕੀਤੀ। ਪੌਲੁਸ ਲਈ ਇਹ ਮਿਸਾਲ ਅਕਸਰ ਮਰਨ ਦੀ ਸੀ। ਫਿਰ ਵੀ, ਮਸੀਹੀ ਲੋਕਾਂ ਦੁਆਰਾ ਜੀਵਨ ਦੇ ਨਵੇਂਪਣ ਦਾ ਅਨੰਦ ਮਾਣਨ ਦਾ ਵਿਚਾਰ ਪੌਲੁਸ ਦੇ ਲੇਖ ਵਿੱਚੋਂ ਗਾਇਬ ਨਹੀਂ ਸੀ; ਉਹ ਇਹ ਵਿਸ਼ਾ ਰੋਮੀਆਂ 6:3, 4 ਵਿਚ ਸਾਹਮਣੇ ਲੈ ਕੇ ਆਇਆ। ਵਿਸ਼ਵਾਸੀ ਬਪਤਿਸਮੇ ਵਿਚ ਇਸ ਲਈ ਮਰਦਾ ਹੈ ਤਾਂ ਕਿ ਉਹ ਜੀਵਨ ਦੇ ਨਵੇਂਪਣ ਵਿਚ ਚੱਲ ਸਕੇ। ਉਹ ਮਸੀਹ ਨਾਲ ਦਫ਼ਨਾਇਆ ਜਾਂਦਾ ਹੈ (συνθάπτω, *ਸੱਨਥਾਪਟੋ*) ਤਾਂ ਜੋ ਉਹ ਉਸ ਦੇ ਨਾਲ ਜਿਵਾਲਿਆ ਜਾਵੇ। ਨਵਾਂ ਜਨਮ ਬਹੁਤ ਸਾਰੇ ਰੂਪਕਾਂ ਵਿੱਚੋਂ ਇਕ ਹੈ ਜੋ ਇਕ ਮਸੀਹੀ ਵਿਅਕਤੀ ਦੇ ਪਰਮੇਸ਼ੁਰ ਸਾਹਮਣੇ ਬਦਲੇ ਹੋਏ ਰੁਤਬੇ ਅਤੇ ਉਸ ਦੇ ਬਦਲੇ ਹੋਏ ਜੀਵਨ ਦੀ ਸਾਖੀ ਦਿੰਦਾ ਹੈ।

ਯੂਹੰਨਾ ਨੇ ਯਹੂਦੀ ਸਰਦਾਰ ਨਿਕੁਦੇਮੁਸ ਨਾਲ ਨਵੇਂ ਜਨਮ ਬਾਰੇ ਯਿਸੂ ਦੀ ਗੱਲਬਾਤ ਬਾਰੇ ਲਿਖਿਆ ਹੈ (ਯੂਹੰਨਾ 3:1–8)। ਯਿਸੂ ਨੇ ਕਿਹਾ ਕਿ ਇਹ "ਜਲ ਅਤੇ ਆਤਮਾ ਦਾ" ਜਨਮ ਹੈ। ਜੀ. ਆਰ. ਬੈਸਲੀ-ਮੁਰੇ ਨਿਸ਼ਚਤ ਤੌਰ ਤੇ ਸਹੀ ਸੀ ਜਦੋਂ ਉਸ ਨੇ ਇਹ ਐਲਾਨ ਕੀਤਾ, "ἐξ ὕδατος [*ਐਕਸ ਹੁਡਾਟੋਸ*, 'ਦਾ ਜਲ'] ਸ਼ਬਦਾਂ ਵਿਚ ਬਪਤਿਸਮੇ ਤੋਂ ਇਲਾਵਾ ਕਿਸੇ ਹੋਰ ਹਵਾਲੇ ਨੂੰ ਗੰਭੀਰਤਾ ਨਾਲ ਲੈਣਾ ਮੁਸ਼ਕਲ ਹੈ।"[3]

ਬਪਤਿਸਮੇ ਵਾਲਾ ਪਾਣੀ ਨਜ਼ਰ ਵਿਚ ਸੀ ਜਦੋਂ ਪੌਲੁਸ ਨੇ ਨਵੇਂ ਜਨਮ ਦੇ ਅਸ਼ਨਾਨ ਬਾਰੇ ਲਿਖਿਆ, ਅਰਥਾਤ, ਉਹ ਅਸ਼ਨਾਨ ਜਿਹੜਾ ਨਵਾਂ ਜਨਮ ਲੈ ਕੇ ਆਉਂਦਾ ਹੈ (ਤੀਤੁਸ 3:5–7)।[4] ਯਾਕੂਬ 1:18 ਵਿਚ ਨਵੇਂ ਜਨਮ ਬਾਰੇ ਇਕ ਗੁੱਝੀ ਗੱਲ ਹੈ। ਪਤਰਸ, ਪੌਲੁਸ, ਯੂਹੰਨਾ ਅਤੇ ਯਾਕੂਬ ਲਈ, ਬਪਤਿਸਮਾ ਅਤੇ ਨਵਾਂ ਜਨਮ ਅਟੁੱਟ ਸਨ। ਜੇ. ਐਨ. ਡੀ. ਕੈਲੀ ਸਹੀ ਸੀ ਜਦੋਂ ਉਸ ਨੇ ਇਹ ਟਿੱਪਣੀ ਕੀਤੀ ਕਿ "ਬਪਤਿਮਸੇ ਦਾ ਨੋਟ [1 ਪਤਰਸ 1:3–5] (ਤੁਲਨਾ ਕਰੋ, ਨਵੇਂ ਜਨਮ ਦਾ ਹਵਾਲਾ) ਅਭੁੱਲ ਹੈ।"[5]

ਨਵੇਂ ਨੇਮ ਵਿਚ ਬਪਤਿਸਮਾ ਕੇਵਲ ਇਕ ਸਰੀਰਕ ਨਿਯਮ ਨਹੀਂ ਹੈ। ਇਹ ਇਸ ਤੋਂ ਕਿਤੇ ਜ਼ਿਆਦਾ ਵੱਧ ਕੇ ਹੈ। ਜਦੋਂ ਪਛਚਾਤਾਪੀ ਵਿਸ਼ਵਾਸੀ ਮਸੀਹ ਵਿਚ ਬਪਤਿਸਮਾ ਲੈ ਕੇ ਕਾਰਵਾਈ ਕਰਦਾ ਹੈ, ਪਰਮੇਸ਼ੁਰ ਵੀ ਖੁਦ ਵਿਸ਼ਵਾਸੀ ਦੇ ਪਾਪਾਂ ਨੂੰ ਦੂਰ ਕਰਨ ਲਈ ਕਾਰਵਾਈ ਕਰਦਾ ਹੈ। ਬਪਤਿਸਮਾ ਨਿਰਾ "ਅੰਦਰੂਨੀ ਕਿਰਪਾ ਦਾ ਬਾਹਰੀ ਚਿੰਨ੍ਹ" ਨਹੀਂ ਹੈ ਜਿਵੇਂ ਕਿ ਅਸੀਂ ਕਈ ਵਾਰ ਸੁਣਦੇ ਹਾਂ। ਜਦ ਕਿ ਬਪਤਿਸਮਾ ਕੋਈ ਜਾਦੂਈ ਕਾਰਜ ਨਹੀਂ ਹੈ ਜੋ ਕਿਸੇ ਦੇ ਪਰਮੇਸ਼ੁਰ ਨਾਲ ਰਿਸ਼ਤੇ ਦੀ ਗਰੰਟੀ ਦਿੰਦਾ ਹੈ, ਨਾ ਹੀ ਇਹ ਮਸੀਹੀ ਵਿਅਕਤੀ ਦੀ ਬਹਾਲੀ ਦੇ ਲਈ ਕੋਈ ਪਿੱਛੋਂ ਸੁੱਝੀ ਗੱਲ ਹੈ। ਬਪਤਿਸਮਾ ਵਿਸ਼ਵਾਸੀ ਦਾ ਇਕ ਆਤਮਿਕ ਜਵਾਬ ਹੈ। ਹੁਣ ਤੋਂ ਇਹ ਤੋਬਾ ਜਾਂ ਇਕ ਸੁਧਰੇ ਹੋਏ ਜੀਵਨ ਤੋਂ ਇਲਾਵਾ ਕਿਸੇ ਯੋਗਤਾ ਦਾ ਕੰਮ ਨਹੀਂ ਰਿਹਾ। ਪਰਮੇਸ਼ੁਰ ਦਾ ਵਾਅਦਾ ਹੈ ਕਿ ਵਿਸ਼ਵਾਸੀ ਜਿਸ ਦਾ ਦਿਲ ਨਿਹਚਾ ਅਤੇ ਤੋਬਾ ਰਾਹੀਂ ਤਿਆਰ ਕੀਤਾ ਗਿਆ ਹੈ ਉਸ ਦੇ ਪਾਪ ਧੋਤੇ ਗਏ ਜਦੋਂ ਉਸ ਨੇ ਮਸੀਹ ਵਿਚ ਬਪਤਸਿਮਾ ਲਿਆ (ਰਸੂਲਾਂ ਦੇ ਕਰਤੱਬ 22:16)। ਮੁਕਤੀ ਅਤੇ ਜੀਵਨ ਲਈ ਪਰਮੇਸ਼ੁਰ ਦਾ ਵਾਅਦਾ ਵਿਸ਼ਵਾਸੀ ਦੇ ਨਿਹਚਾ ਤੇ ਕਾਰਜ ਕਰਨ ਅਤੇ ਬਪਤਿਸਮੇ ਵਿਚ ਪ੍ਰਭੂ ਨੂੰ ਮਿਲਣ ਦੀ ਇੱਛਾ ਨਾਲ ਜੁੜਿਆ ਹੋਇਆ ਹੈ।

ਪਤਰਸ ਨੇ ਲਿਖਿਆ ਕਿ ਜਦੋਂ ਕੋਈ ਵਿਅਕਤੀ ਨਵੇਂ ਸਿਰਿਓਂ ਜਨਮ ਲੈਂਦਾ ਹੈ ਇਹ

**ਜੀਉਂਦੀ ਆਸ** ਲਈ ਹੁੰਦਾ ਹੈ। ਰਸੂਲ ਨੇ ਮਸੀਹੀ "ਆਸ" ਦੇ ਨਾਲ "ਜੀਉਂਦੀ" ਵਿਸ਼ੇਸ਼ਣ ਕਿਉਂ ਜੋੜਿਆ ਸਪੱਸ਼ਟ ਨਹੀਂ ਹੈ, ਪਰ ਸੰਭਾਵਨਾਵਾਂ ਦੇ ਬਾਰੇ ਸੋਚਣਾ ਮੁਸ਼ਕਲ ਨਹੀਂ ਹੈ। ਮਸੀਹੀ "ਆਸ" ਦਾ "ਜੀਉਂਦੀ" ਵਜੋਂ ਵਰਣਨ ਕਰਨ ਦੇ ਦੁਆਰਾ, ਪਤਰਸ ਦੇ ਮਨ ਵਿਚ ਸ਼ਾਇਦ ਇਹ ਗੱਲਾਂ ਸਨ (1) ਮਸੀਹ ਦਾ ਜੀ ਉੱਠਣਾ। ਮਸੀਹੀ "ਆਸ" ਇਸ ਲਈ "ਜੀਉਂਦੀ" ਹੈ ਕਿਉਂਕਿ ਸਲੀਬ ਦਿੱਤਾ ਹੋਇਆ ਪ੍ਰਭੂ ਜੀਉਂਦਾ ਹੈ। (2) ਦੂਜੇ ਪਾਸੇ, "ਆਸ" ਇਸ ਲਈ "ਜੀਉਂਦੀ" ਹੈ ਕਿਉਂਕਿ ਇਹ ਵਿਸ਼ਵਾਸੀ ਦੇ ਅੰਦਰ ਵੱਧਣ ਵਾਲੀ, ਜੀਉਂਦੀ ਆਸ ਹੈ। ਆਸ ਨੇ ਪਤਰਸ ਦੇ ਪਾਠਕਾਂ ਨੂੰ ਇਹ ਚੇਤੇ ਕਰਾਇਆ ਕਿ ਮਸੀਹੀ ਜੀਵਨ ਬਾਰੇ ਕੁਝ ਨਾ ਕੁਝ ਸੀ ਜੋ ਹਾਲੇ ਪੂਰਾ ਹੋਣਾ ਵਾਲਾ ਸੀ (ਵੇਖੋ ਰੋਮੀਆਂ 8:24, 25)। ਉਨ੍ਹਾਂ ਸਾਰੀਆਂ ਆਤਮਿਕ ਬਰਕਤਾਂ ਦੇ ਲਈ ਜਿਨ੍ਹਾਂ ਦਾ ਅਰਥ ਉਸ ਦੇ ਪਾਠਕਾਂ ਲਈ ਨਵਾਂ ਜਨਮ ਸੀ, ਪਤਰਸ ਉਸ ਦੁੱਖ ਨੂੰ ਜਾਣਦਾ ਸੀ ਜੋ ਉਨ੍ਹਾਂ ਨੇ ਮੌਜੂਦਾ ਸਮੇਂ ਵਿਚ ਮਸੀਹ ਦੀ ਖ਼ਾਤਰ ਝੱਲਿਆ ਸੀ। ਮਸੀਹੀ ਆਸ ਦੇ ਪੂਰਾ ਹੋਣ ਲਈ, ਮਸੀਹੀ ਲੋਕਾਂ ਨੇ ਧੀਰਜ ਨਾਲ ਦੁੱਖ ਝੱਲਿਆ ਸੀ।

ਕਈਆਂ ਨੇ 1 ਪਤਰਸ ਨੂੰ "ਆਸ ਦੀ ਪੱਤ੍ਰੀ" ਕਿਹਾ ਹੈ। ਇਹ ਸੱਚ ਹੈ ਕਿ ਪ੍ਰਭੂ ਦਾ ਦੁਬਾਰਾ ਆਉਣਾ, ਮਸੀਹੀ ਆਸ ਦਾ ਸਿਖਰ, ਪਤਰਸ, ਉਸ ਦੇ ਪਾਠਕਾਂ ਅਤੇ ਸਾਰੇ ਮਸੀਹੀ ਲੋਕਾਂ ਦੇ ਲਈ ਮਹੱਤਵਪੂਰਣ ਹੈ। "ਆਸ" ਸ਼ਬਦ ਪਹਿਲੇ ਅਧਿਆਇ ਵਿਚ ਤਿੰਨ ਵਾਰ ਅਤੇ 3 ਅਧਿਆਇ ਵਿਚ ਇਕ ਵਾਰ ਪਾਇਆ ਜਾਂਦਾ ਹੈ, ਪਰ ਆਸ ਪੱਤ੍ਰੀ ਵਿਚ ਇਕ ਪਿਛੋਕੜ ਧਾਰਣਾ ਹੈ, ਨਾ ਕਿ ਇਕ ਪ੍ਰਮੁੱਖ ਵਿਸ਼ਾ। ਰੋਮੀਆਂ 8:24, 25 ਵਿਚ, ਤੁਲਨਾ ਵਿਚ, "ਆਸ" ਸ਼ਬਦ ਪੰਜ ਵਾਰ ਪਾਇਆ ਜਾਂਦਾ ਹੈ। ਆਸ ਪੂਰੇ ਨਵੇਂ ਨੇਮ ਇਕ ਮਹੱਤਵਪੂਰਣ ਵਿਸ਼ਾ ਹੈ ਅਤੇ 1 ਪਤਰਸ ਵਿਚ ਵੀ ਇਸੇ ਤਰ੍ਹਾਂ ਹੋਰਨਾਂ ਥਾਵਾਂ ਨਾਲੋਂ ਘੱਟ ਨਹੀਂ ਹੈ।

ਇਕ ਅਜਿਹੇ ਸੰਸਾਰ ਵਿਚ ਜਿੱਥੇ ਨਿਰਾਸ਼ਾਵਾਦ ਅਤੇ ਸ਼ੰਕਾਵਾਦ ਵਿੱਦਿਆ ਅਤੇ ਸੂਝ ਬੂਝ ਦੇ ਚਿੰਨ੍ਹ ਹਨ, ਮਸੀਹੀ ਲੋਕ ਆਪਣੇ ਸਿਰਾਂ ਨੂੰ ਉੱਚਾ ਰੱਖਦੇ ਅਤੇ ਆਸ ਕਰਦੇ ਹਨ। ਇਕ ਪੁਰਾਣਾ ਲਾਤੀਨੀ ਵਾਕ ਹੈ ਜਿਸ ਦਾ ਉਚਾਰਨ ਵੀ ਕੁਝ ਇਸੇ ਤਰ੍ਹਾਂ ਹੀ ਹੈ, *ਦਮ ਸਪੀਰੋ, ਸਪੈਰੋ*। ਇਸ ਦਾ ਅਨੁਵਾਦ ਕਹਿੰਦਾ ਹੈ, "ਜਦੋਂ ਮੈਂ ਸਾਹ ਲੈਂਦਾ ਹਾਂ, ਮੈਂ ਆਸ ਕਰਦਾ ਹਾਂ।" ਮਸੀਹੀ ਲੋਕ ਖਿਆਲੀ ਸਮਾਜਾਂ, ਜਾਂ ਜਣਨ ਸੰਬੰਧੀ ਵਿਓਂਤਕਾਰੀ ਜਾਂ ਚਮਤਕਾਰੀ ਦਵਾਈਆਂ ਬਣਾਉਣ ਵਿਚ ਭਰੋਸਾ ਨਹੀਂ ਰੱਖਦੇ। ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਦੁਨਿਆਵੀ ਵਿਅਕਤੀ ਆਉਣ ਵਾਲੇ ਸੰਕਟ ਨੂੰ ਨਜ਼ਰਅੰਦਾਜ਼ ਕਰਨਾ ਜਾਰੀ ਰੱਖੇਗਾ। ਮਸੀਹੀ ਲੋਕ ਜਿਸ ਆਸ ਦਾ ਆਨੰਦ ਮਾਣਦੇ ਹਨ ਵੱਖਰੀ ਚੀਜ਼ ਤੇ ਕਾਇਮ ਹੈ। "ਮਸੀਹੀ ਆਸ ਦੀਆਂ ਜੜ੍ਹਾਂ ਜੀਵਨ ਦੇ ਹਾਲਾਤਾਂ ਦੇ ਬਦਲਣ ਵਿਚ ਨਹੀਂ ਹਨ ਜਿਨ੍ਹਾਂ ਵਿਚ ਆਸਾਂ ਅਤੇ ਸੁਫਨੇ ਅਕਸਰ ਟੁੱਟ ਜਾਂਦੇ ਅਤੇ ਦਫ਼ਨ ਹੋ ਜਾਂਦੇ ਹਨ। ਬਲਕਿ ਇਹ ਆਸ ਇਸ ਡੂੰਘੇ ਦ੍ਰਿੜ੍ਹ ਵਿਸ਼ਵਾਸ ਤੋਂ ਪੈਦਾ ਹੁੰਦੀ ਹੈ ਕਿ ਪਰਮੇਸ਼ੁਰ ਇਤਹਾਸ ਦਾ ਪ੍ਰਭੂ ਹੈ।"[6] ਮਨੁੱਖਜਾਤੀ ਦੀ ਤਕਦੀਰ ਇਕ ਭਲੇ ਪਰਮੇਸ਼ੁਰ ਦੇ ਹੱਥਾਂ ਵਿਚ ਹੈ। "ਉਮੇਦ ਨਾਲ ਅਸੀਂ ਬਚਾਏ ਗਏ ਹਾਂ ਪਰ ਉਮੇਦ ਜਿਹੜੀ ਵੇਖੀ ਗਈ ਉਹ ਉਮੇਦ ਨਾ ਰਹੀ ਕਿਉਂਕਿ ਜਿਹੜੀ ਵਸਤ ਕੋਈ ਵੇਖਦਾ ਹੈ ਉਹ ਦੀ ਉਮੇਦ ਕਾਹ ਨੂੰ ਕਰੇ? ਪਰ ਜਿਹੜੀ ਵਸਤ ਅਸੀਂ ਨਹੀਂ ਵੇਖਦੇ ਜੇ ਉਹ ਦੀ ਉਮੇਦ ਰੱਖੀਏ ਤਾਂ ਧੀਰਜ ਨਾਲ ਉਹ ਦੀ ਉਡੀਕ ਵਿੱਚ ਰਹਿੰਦੇ ਹਾਂ" (ਰੋਮੀਆਂ 8:24, 25)।

ਪਤਰਸ ਨੇ ਆਪਣੇ ਪਾਠਕਾਂ ਨੂੰ ਭਰੋਸਾ ਦਿਵਾਇਆ ਕਿ ਉਨ੍ਹਾਂ ਦੀ ਆਸ ਰਸੂਲਾਂ ਅਤੇ ਹੋਰਨਾਂ ਲੋਕਾਂ ਦੀ ਨਿਸ਼ਚਤ ਗਵਾਹੀ ਤੇ ਕਾਇਮ ਕੀਤੀ ਗਈ ਸੀ ਕਿ ਯਿਸੂ ਮੁਰਦਿਆਂ ਵਿੱਚੋਂ ਜਿਵਾਲਿਆ ਗਿਆ ਸੀ। ਯਿਸੂ ਦਾ ਜੀ ਉੱਠਣਾ ਆਰੰਭਕ ਮਸੀਹੀ ਲੋਕਾਂ ਵਿਚਾਲੇ ਸਮੂਹਿਕ

ਪਾਗਲਪਣ ਦੀ ਗਵਾਹੀ ਨਹੀਂ ਸੀ। ਅਸਲ ਵਿਚ, ਇਤਹਾਸ ਦੇ ਪੰਨਿਆਂ ਤੇ, ਤੀਜੇ ਦਿਨ ਪਰਮੇਸ਼ੁਰ ਨੇ ਯਿਸੂ ਨੂੰ ਜ਼ਿੰਦਾ ਕਰ ਦਿੱਤਾ। ਚਾਲ੍ਹੀ ਦਿਨ ਤੱਕ ਉਹ ਫੇਰ ਚੇਲਿਆਂ ਨੂੰ ਵਿਖਾਲੀ ਦਿੰਦਾ ਅਤੇ ਉਨ੍ਹਾਂ ਨੂੰ ਸਿੱਖਿਆ ਦਿੰਦਾ ਰਿਹਾ (ਰਸੂਲਾਂ ਦੇ ਕਰਤੱਬ 1:3)। ਮਸੀਹੀ ਆਸ **ਯਿਸੂ ਮਸੀਹ ਦੇ ਮੁਰਦਿਆਂ ਵਿੱਚੋਂ ਜੀ ਉੱਠਣ ਦੇ ਕਾਰਨ** ਹੈ। ਨਵੇਂ ਜਨਮ ਅਤੇ ਜੀਉਂਦੀ ਆਸ ਦਾ ਪ੍ਰਭੂ ਦੇ ਜੀ ਉੱਠਣ ਕਾਰਨ ਭਰੋਸਾ ਦਿੱਤਾ ਗਿਆ ਹੈ। ਇਹ ਟਿੱਪਣੀ ਕਰਨਾ ਇਸ ਗੱਲ ਤੋਂ ਲਾਂਭੇ ਨਹੀਂ ਹੈ ਕਿ 1 ਪਤਰਸ 3:21 ਵਿਚ ਬਪਤਿਸਮੇ ਅਤੇ ਸ਼ੁੱਧ ਅੰਤਹਕਰਨ ਲਈ ਅਪੀਲ "ਯਿਸੂ ਮਸੀਹ ਦੇ ਜੀ ਉੱਠਣ ਦੇ ਕਾਰਨ" ਹੈ।

**ਆਇਤ 4.** ਪਤਰਸ ਦਾ ਮਨ ਇਸਰਾਏਲ ਦੇ ਅਨੁਭਵਾਂ ਤੇ ਇੰਨਾ ਜ਼ਿਆਦਾ ਟਿਕਿਆ ਹੋਇਆ ਸੀ ਕਿ ਉਹ ਬੜੀ ਸਹਿਜਤਾ ਨਾਲ ਪੁਰਾਣੇ ਅਤੇ ਨਵੇਂ ਨੂੰ ਇਕ ਦੂਜੇ ਨਾਲ ਮਿਲਾਉਂਦਾ ਹੈ। ਇਹ ਕਿ ਇਸਰਾਏਲ ਨੂੰ ਪਰਮੇਸ਼ੁਰ ਵੱਲੋਂ ਮਿਲਖ (κληρονομία, *ਕਲੀਰੋਨੋਮੀਆ*) ਮਿਲੀ ਸੀ ਯਹੂਦੀਆਂ ਦੀ ਆਪਣੀ ਸਮਝ ਦਾ ਇਕ ਮਹੱਤਵਪੂਰਣ ਹਿੱਸਾ ਸੀ। ਕਨਾਨ ਦੇਸ ਉਨ੍ਹਾਂ ਦੀ ਮਿਲਖ ਸੀ। ਮੂਸਾ ਨੇ ਇਸਰਾਏਲ ਨੂੰ ਚੇਤੇ ਕਰਾਇਆ ਕਿ "ਤੂੰ ਉਸ ਚੰਗੀ ਧਰਤੀ ਵਿੱਚ ਵੜੇਂਗਾ ਜਿਹੜੀ ਯਹੋਵਾਹ ਤੁਹਾਡਾ ਪਰਮੇਸ਼ੁਰ ਤੁਹਾਨੂੰ ਮਿਲਖ ਵਿੱਚ ਦਿੰਦਾ ਹੈ" (ਬਿਵਸਥਾ ਸਾਰ 4:21)। ਪੁਰਾਣੇ ਨੇਮ ਵਿਚ ਪਹਿਲਾਂ ਤੋਂ ਹੀ ਇਸਾਰਏਲ ਦੀ ਮਿਲਖ ਕਨਾਨ ਨਾਲੋਂ ਬਹੁਤ ਜ਼ਿਆਦਾ ਸੀ; ਇਹ ਪਰਮੇਸ਼ੁਰ ਖੁਦ ਸੀ। ਜ਼ਬੂਰ ਲਿਖਣ ਵਾਲੇ ਨੇ ਮੰਨਿਆ, "ਯਹੋਵਾਹ ਮੇਰੇ ਵਿਰਸੇ ਦਾ ਅਰ ਮੇਰੇ ਕਟੋਰੇ ਦਾ ਭਾਗ ਹੈ" (ਜ਼ਬੂਰ 16:5)। ਪਤਰਸ ਨਵੇਂ ਇਸਰਾਏਲ, ਪ੍ਰਭੂ ਦੀ ਕਲੀਸੀਆ ਨੂੰ ਇਹ ਦੱਸਣਾ ਚਾਹੁੰਦਾ ਸੀ ਕਿ ਇਸ ਦਾ ਵੀ ਇਕ **ਅਧਕਾਰ** ਸੀ, ਪਰ ਇਹ ਉਸ ਅਧਕਾਰ ਨਾਲੋਂ ਕਿਤੇ ਜ਼ਿਆਦਾ ਸ਼ਾਨਦਾਰ ਸੀ ਜਿਸ ਦਾ ਇਸਰਾਏਲ ਨੇ ਅਨੁਭਵ ਕੀਤਾ ਸੀ। ਇਸਰਾਏਲ ਇਸ ਦੀ ਧਰਤੀ ਨੂੰ ਅਸ਼ੁੱਧ ਹੁੰਦਾ ਵੇਖਣ ਲਈ ਜੀਉਂਦਾ ਰਿਹਾ ਸੀ। ਦੁਨਿਆਵੀ ਚੀਜ਼ਾਂ ਨਾਸ ਹੋਣਾ ਵਾਲੀਆਂ ਅਤੇ ਕੁਮਲਾਉਣ ਵਾਲੀਆਂ ਹਨ। ਤੁਲਨਾ ਵਿਚ, ਮਸੀਹੀ ਆਸ **ਸੁਰਗ ਵਿੱਚ ਧਰੀ ਹੋਈ** ਹੈ। ਇਹ ਅਧਕਾਰ **ਅਵਨਾਸੀ ਅਤੇ ਨਿਰਮਲ** ਹੈ। ਇਹ **ਨਾ ਕੁਮਲਾਉਣ ਵਾਲਾ** ਹੈ। ਰਸੂਲ ਨੇ ਮਸੀਹੀ ਲੋਕਾਂ ਨੂੰ ਪ੍ਰਭੂ ਦੇ ਪਰਗਟ ਹੋਣ ਲਈ ਉਡੀਕ ਅਤੇ ਤਾਂਘ ਕਰਦੇ ਰੱਖਿਆ।

**ਆਇਤ 5.** ਜਿਹੜੇ ਜੀਉਂਦੀ ਆਸ ਲਈ ਨਵੇਂ ਸਿਰਿਓਂ ਜਨਮ ਲੈ ਚੁੱਕੇ ਹਨ, ਜਿਨ੍ਹਾਂ ਦੇ ਲਈ ਸੁਰਗ ਵਿਚ ਅਧਕਾਰ ਧਰਿਆ ਹੋਇਆ ਹੈ, **ਪਰਮੇਸ਼ੁਰ ਦੀ ਸਮਰੱਥਾ ਨਾਲ ਬਚਾਏ ਰਹਿੰਦੇ ਹਨ**। ਉਹੋ ਸਮਰੱਥਾ ਜਿਸ ਨੇ ਯਿਸੂ ਨੂੰ ਮੁਰਦਿਆਂ ਵਿੱਚੋਂ ਜਿਵਾਲਿਆ ਸੀ (1:3) ਮਸੀਹ ਵਿਚ ਉਨ੍ਹਾਂ ਨੂੰ ਬਚਾਈ ਰੱਖਦੀ ਹੈ। ਪਰਮੇਸ਼ੁਰ ਆਪਣੇ ਲੋਕਾਂ ਲਈ ਸੁਰਗ ਵਿਚ ਅਧਕਾਰ ਨੂੰ ਸੰਭਾਲ ਕੇ ਜਾਂ "ਬਚਾ ਕੇ ਰੱਖਦਾ ਹੈ" (1:4; τηρέω, *ਟੀਰੀਓ*), ਜਦ ਕਿ ਉਹ ਖੁਦ ਲੋਕਾਂ ਨੂੰ ਸੁਰੱਖਿਆਤ ਜਾਂ "ਬਚਾ ਕੇ ਰੱਖਦਾ ਹੈ" (φρουρέω, *ਫਰਾਉਰੀਓ*)। ਬਾਅਦ ਵਾਲਾ ਸ਼ਬਦ ਅਕਸਰ ਸੈਨਾ ਦੇ ਸੰਦਰਭਾਂ ਵਿਚ ਵਰਤਿਆ ਜਾਂਦਾ ਸੀ। ਪਰਮੇਸ਼ੁਰ ਮੁਕਤੀ ਦੀ ਗਰੰਟੀ ਦੇਣ ਵਾਲਾ ਹੈ। ਉਹ ਆਪਣੇ ਲੋਕਾਂ ਨੂੰ ਬਚਾ ਕੇ ਰੱਖਣ ਦਾ ਇਛੁੱਕ ਅਤੇ ਸਮਰੱਥ ਹੈ।

ਹਾਲਾਂਕਿ ਪਰਮੇਸ਼ੁਰ ਦੀ ਸਮਰੱਥਾ ਉਨ੍ਹਾਂ ਵੱਲ ਸੀ, ਮਸੀਹੀ ਲੋਕਾਂ ਕੋਲ ਹਾਲੇ ਵੀ ਢਿੱਲ ਦਾ ਕੋਈ ਮੌਕਾ ਨਹੀਂ ਹੈ। ਬਚਾ ਕੇ ਰੱਖਣ ਵਾਲੀ ਪਰਮੇਸ਼ੁਰ ਦੀ ਸਮਰੱਥਾ ਉਨ੍ਹਾਂ ਵੱਲੋਂ **ਨਿਹਚਾ ਦੇ ਰਾਹੀਂ** ਅਨੁਭਵ ਕੀਤੀ ਜਾਂਦੀ ਹੈ। ਨਿਹਚਾ ਨਿਰੀ ਉਦਾਸੀਨ ਨਿਰਭਰਤਾ ਨਹੀਂ ਹੈ। ਇਸ ਦਾ ਅਰਥ ਹੈ ਵਫ਼ਾਦਾਰੀ ਦੇ ਕਿਰਿਆਸ਼ੀਲ ਭਾਵ ਵਿਚ ਭਰੋਸਾ ਕਰਨਾ। ਮਸੀਹੀ ਲੋਕਾਂ ਨੂੰ ਆਗਿਆਕਾਰੀ ਦੇ ਲਈ ਸੱਦਿਆ ਗਿਆ ਹੈ (1:2)। ਆਪਣੀ ਸਮਰੱਥਾ ਨਾਲ ਪਰਮੇਸ਼ੁਰ

ਅਧਕਾਰ ਨੂੰ ਸੰਭਾਲ ਕੇ ਰੱਖਦਾ ਹੈ ਅਤੇ ਉਨ੍ਹਾਂ ਨੂੰ ਬਚਾਈ ਰੱਖਦਾ ਹੈ ਜਿਹੜੇ ਆਪਣੇ ਜੀਵਨ ਉਸ ਨੂੰ ਸੌਂਪਦੇ ਹਨ। ਐਫ. ਜੇ. ਏ. ਹੋਰਟ ਨੇ ਲਿਖਿਆ ਕਿ "ਨਿਹਚਾ ਮਨੁੱਖੀ ਹਾਲਤ ਹੈ ਜਿਹੜੀ ਰੱਬੀ ਸਮਰੱਥਾ ਨੂੰ ਕੰਮ ਵਿਚ ਲਿਆਉਂਦੀ ਹੈ1"[7]

ਇਕ ਭਾਵ ਹੈ ਜਿਸ ਦੇ ਵਿਚ ਪਤਰਸ ਦੇ ਪਾਠਕ ਪਹਿਲਾਂ ਤੋਂ ਹੀ ਪਰਮੇਸ਼ੁਰ ਦੀਆਂ ਬਰਕਤਾਂ ਵਿਚ ਸਾਂਝੀ ਸਨ, ਪਰ ਉਹ ਪਰਤਾਵੇ ਜਿਨ੍ਹਾਂ ਦਾ ਉਨ੍ਹਾਂ ਨੇ ਸਾਹਮਣਾ ਕੀਤਾ ਸੀ ਅਤੇ ਸਾਹਮਣਾ ਕਰ ਰਹੇ ਸਨ ਇਸ ਗੱਲ ਦੀ ਸਾਖੀ ਸੀ ਕਿ ਸਭ ਕੁਝ ਪੂਰਾ ਨਹੀਂ ਸੀ ਹੋਇਆ। ਪਰਮੇਸ਼ੁਰ ਨੇ ਉਨ੍ਹਾਂ ਨੂੰ **ਉਸ ਮੁਕਤੀ ਨੂੰ ਪਰਾਪਤ ਹੋਣ ਲਈ ਜੋ ਅੰਤ ਦੇ ਸਮੇਂ ਪਰਗਟ ਹੋਣ ਵਾਲੀ ਸੀ** ਬਚਾਈ ਰੱਖਿਆ। "ਤਿਆਰ" ਸ਼ਬਦ ਨੂੰ ਅਣਡਿੱਠ ਨਹੀਂ ਕਰਨਾ ਚਾਹੀਦਾ। ਮਸੀਹੀ ਲੋਕ ਪ੍ਰਭੂ ਦੇ ਪਰਗਟ ਹੋਣ ਦਾ ਸੁਆਗਤ ਕਰਨ ਅਤੇ ਆਪਣੇ ਅਧਕਾਰ ਦਾ ਦਾਅਵਾ ਕਰਨ ਲਈ "ਤਿਆਰ" ਰਹਿ ਕੇ ਜੀਉਂਦੇ ਸਨ। ਪੱਤ੍ਰੀ ਵਿਚ ਅੱਗੇ ਜਾ ਕੇ, ਪਤਰਸ ਨੇ ਲਿਖਣਾ ਸੀ, "ਪਰ ਸਭਨਾਂ ਵਸਤਾਂ ਦਾ ਅੰਤ ਨੇੜੇ ਹੈ" (4:7)। ਰਸੂਲ ਅਤੇ ਉਸ ਦੇ ਪਾਠਕਾਂ ਲਈ, "ਅੰਤ ਦਾ ਸਮਾਂ" ਠੋਸ ਪਲ ਸੀ ਜਦੋਂ ਪ੍ਰਭੂ ਨੇ ਪਰਗਟ ਹੋਣਾ ਸੀ। ਉਹ ਉਡੀਕ ਵਿਚ ਜੀਉਂਦੇ ਸਨ। ਪਤਰਸ ਨੇ "ਅੰਤ ਦੇ ਸਮੇਂ" ਲਈ ਯੂਨਾਨੀ ਸ਼ਬਦ ਸੰਕੇਤਕ ਭਾਵ ਵਿਚ ਵਰਤਿਆ ਸੀ। ਜਦੋਂ ਮਸੀਹ "ਪਰਗਟ" ਹੋਵੇਗਾ ਇਸ ਦਾ ਅਰਥ ਇਤਹਾਸ ਦਾ ਅੰਤ ਹੋਵੇਗਾ ਜਿਵੇਂ ਕਿ ਮਨੁੱਖਤਾ ਨੇ ਇਸ ਨੂੰ ਜਾਣਿਆ ਹੈ।

## "ਭਾਂਤ ਭਾਂਤ ਦੇ ਪਰਤਾਵਿਆਂ ਨਾਲ ਦੁਖੀ ਹੋਏ" (1:6-9)

**6ਇਹ ਦੇ ਵਿੱਚ ਤੁਸੀਂ ਵੱਡਾ ਅਨੰਦ ਕਰਦੇ ਹੋ ਭਾਵੇਂ ਹੁਣ ਥੋੜਾਕੁ ਚਿਰ ਜੇਕਰ ਲੋੜੀਦਾ ਹੋਵੇ ਤਾਂ ਭਾਂਤ ਭਾਂਤ ਦੇ ਪਰਤਾਵਿਆਂ ਨਾਲ ਦੁਖੀ ਹੋਏ ਹੋਏ ਹੋ। 7ਤਾਂ ਜੋ ਤੁਹਾਡੀ ਪਰਖੀ ਹੋਈ ਨਿਹਚਾ ਜਿਹੜੀ ਨਾਸ ਹੋਣ ਵਾਲੇ ਸੋਨੇ ਨਾਲੋਂ ਭਾਵੇਂ ਉਹ ਅੱਗ ਵਿੱਚ ਤਾਇਆ ਵੀ ਜਾਵੇ ਅੱਤ ਭਾਰੇ ਮੁੱਲ ਦੀ ਹੈ ਯਿਸੂ ਮਸੀਹ ਦੇ ਪਰਗਟ ਹੋਣ ਦੇ ਸਮੇਂ ਉਸਤਤ, ਮਹਿਮਾ ਅਤੇ ਆਦਰ ਦੇ ਜੋਗ ਨਿੱਕਲੇ। 8ਜਿਹ ਦੇ ਨਾਲ ਬਿਨ ਵੇਖੇ ਤੁਸੀਂ ਪ੍ਰੇਮ ਰੱਖਦੇ ਹੋ ਅਤੇ ਭਾਵੇਂ ਹੁਣ ਉਹ ਨੂੰ ਨਹੀਂ ਵੇਖਦੇ ਤਾਂ ਵੀ ਉਸ ਉੱਤੇ ਨਿਹਚਾ ਕਰ ਕੇ ਐਡਾ ਅਨੰਦ ਕਰਦੇ ਹੋ ਜੋ ਵਰਨਣ ਤੋਂ ਬਾਹਰ ਅਤੇ ਤੇਜ ਨਾਲ ਭਰਪੂਰ ਹੈ। 9ਅਤੇ ਆਪਣੀ ਨਿਹਚਾ ਦਾ ਫਲ ਅਰਥਾਤ ਜਾਨਾਂ ਦੀ ਮੁਕਤੀ ਪਰਾਪਤ ਕਰਦੇ ਹੋ।**

ਚਾਰ ਸਮਿਆਂ ਵਿੱਚੋਂ ਪਹਿਲੇ ਲਈ (1:6–9; 3:13–17; 4:12–19; 5:9, 10), ਪਤਰਸ ਨੇ ਆਪਣੀ ਪੱਤ੍ਰੀ ਦਾ ਜ਼ਿਆਦਾਤਰ ਭਾਗ ਆਪਣੇ ਪਾਠਕਾਂ ਦੇ ਮੌਜੂਦਾ ਦੁਖ ਨੂੰ ਸਮਰਪਿਤ ਕੀਤਾ। ਯੂਨਾਨੀ ਸ਼ਬਦ πᾶσχω (*ਪਾਸਚੋ*, "ਦੁਖ") 1 ਪਤਰਸ ਵਿਚ ਬਾਰਾਂ ਵਾਰ ਆਉਂਦਾ ਹੈ ਜੋ ਕਿ ਨਵੇਂ ਨੇਮ ਵਿਚ ਹੋਰ ਕਿਸੇ ਵੀ ਪੁਸਤਕ ਨਾਲੋ ਇਸ ਪੱਤ੍ਰੀ ਵਿਚ ਜ਼ਿਆਦਾ ਵਾਰ ਆਉਂਦਾ ਹੈ। ਹੋਰ ਸ਼ਬਦ ਜੋ ਕਿ ਦੁਖ ਜਾਂ ਪਰਤਾਵੇ ਦੀ ਗੱਲ ਕਰ ਰਹੇ ਹਨ ਵਾਧੂ ਪੰਜ ਵਾਰ ਆਉਂਦੇ ਹਨ। ਪਤਰਸ ਨੇ ਆਪਣੇ ਪਾਠਕਾਂ ਨੂੰ ਉਨ੍ਹਾਂ ਦੇ ਪਰਤਾਵਿਆਂ ਨੂੰ ਪਰਮੇਸ਼ੁਰ ਦੇ ਸਰਬ ਸੱਤਾਧਾਰੀ ਰਾਜ ਦੀਆਂ ਐਨਕਾਂ ਵਿੱਚੋਂ ਦੀ ਵੇਖਣ ਲਈ ਉਤਸ਼ਾਹਿਤ ਕੀਤਾ। ਮੌਜੂਦਾ ਦਰਿਸ਼ ਵਿਚ, ਪਰਤਾਵੇ ਉਨ੍ਹਾਂ ਦੀ ਨਿਹਚਾ ਨੂੰ ਤਕੜਿਆਂ ਕਰ ਸਕਦੇ ਹਨ। ਲੰਬੇ ਦ੍ਰਿਸ਼ਟੀਕੋਣ ਵਿਚ, ਪਰਮੇਸ਼ੁਰ ਉਨ੍ਹਾਂ ਦੀ ਨਿਹਚਾ ਨੂੰ ਸਿੱਧ ਬਣਾਵੇਗਾ। ਉਨ੍ਹਾਂ ਵਿੱਚੋਂ ਜਿਹੜੇ ਦੁਖ ਸਹਿ ਲੈਣਗੇ, ਪਰਮੇਸ਼ੁਰ ਉਨ੍ਹਾਂ ਨੂੰ ਜੀਵਨ ਦਾ ਮੁਕਟ ਦੇਵੇਗਾ।

**ਆਇਤ 6.** ਜ਼ਮੀਨ ਤਿਆਰ ਕਰਨ ਤੋਂ ਬਾਅਦ, ਪਤਰਸ ਸਿੱਧੇ ਤੌਰ ਤੇ ਆਪਣੇ ਪਾਠਕਾਂ ਦੇ ਦੁਖ ਨੂੰ ਸੰਬੋਧਿਤ ਕਰਨ ਦੇ ਲਈ ਤਿਆਰ ਸੀ। ਹਾਲਾਂਕਿ ਵਿਸ਼ਾ ਦੁਖ ਸੀ, ਅਨੰਦ, ਨਾ ਕਿ ਵਿਰਲਾਪ, ਦੁਖ ਦੀ ਵਿਸ਼ੇਸ਼ਤਾ ਸੀ। ਉਸ ਨੇ **ਇਹ ਦੇ ਵਿੱਚ** (ἐν ᾧ, *ਏਨ ਹੋਈ*) ਸ਼ਬਦਾਂ ਵਿਚ ਅਨੰਦ ਦੇ ਕਾਰਣ ਦਾ ਖੁਲਾਸਾ ਕੀਤਾ। ਇਹ ਵਾਕ 1 ਪਤਰਸ ਵਿਚ ਹੋਰ ਥਾਂ ਤੇ ਵੀ ਵਰਤਿਆ ਗਿਆ ਹੈ, ਹਾਲਾਂਕਿ NASB ਬਾਈਬਲ ਇਸ ਦਾ ਅਨੁਵਾਦ ਇਸ ਤਰ੍ਹਾਂ ਨਹੀਂ ਕਰਦੀ (2:12; 3:16, 19; 4:4)। ਜਿਵੇਂ ਕਿ ਹੋਰਨਾਂ ਥਾਵਾਂ ਤੇ ਜਿੱਥੇ ਉਸ ਨੇ ਇਹ ਵਾਕ ਵਰਤਿਆ ਹੈ "ਇਹ" ਪੜਨਾਂਵ ਉਸ ਦੇ ਆਮ ਭਾਵ ਦਾ ਹਵਾਲਾ ਦਿੰਦਾ ਹੈ ਜਿਸ ਦੇ ਬਾਰੇ ਚਰਚਾ ਕੀਤੀ ਗਈ ਹੈ, ਨਾ ਕਿ ਕਿਸੇ ਵਿਸ਼ੇਸ਼ ਚੀਜ਼ ਦਾ। ਪੱਤ੍ਰੀ ਨੂੰ ਪੜ੍ਹਨ ਵਾਲਿਆਂ ਨੇ ਮਸੀਹ ਵਿਚ ਨਵੇਂ ਸਿਰਿਓਂ ਜਨਮ ਲੈ ਕੇ, ਮਸੀਹ ਦੇ ਜੀ ਉੱਠਣ ਅਤੇ ਆਪਣੇ ਨਾ ਕੁਮਲਾਉਣ ਵਾਲੇ ਅਧਕਾਰ ਕਾਰਨ ਜੀਉਂਦੀ ਆਸ ਨੂੰ ਪ੍ਰਾਪਤ ਕਰਕੇ **ਵੱਡਾ ਅਨੰਦ** (ਕੀਤਾ)।

**ਜੇਕਰ ਲੋੜੀਦਾ ਹੋਵੇ** (ਜਿਵੇਂ ਕਿ NASB ਬਾਈਬਲ ਵਿਚ ਇਸ ਦਾ ਅਨੁਵਾਦ ਕੀਤਾ ਹੈ) ਸ਼ਬਦ ਭੁਲੇਖੇ ਵਿਚ ਪਾਉਣ ਵਾਲੇ ਹਨ। ਸਾਰ ਵਿਚ ਵਿਸ਼ਾ ਪਰਤਾਵੇ ਨਹੀਂ ਹਨ, ਅਜਿਹੀ ਚੀਜ਼ ਜੋ ਉਸ ਦੇ ਪਾਠਕਾਂ ਨਾਲ ਹੋ ਸਕਦੀ ਜਾਂ ਨਹੀਂ ਹੋ ਸਕਦੀ। ਕੈਲੀ ਨੇ ਇਸ ਵਾਕ ਦਾ ਅਨੁਵਾਦ ਕੁਝ ਇਸ ਤਰ੍ਹਾਂ ਕੀਤਾ ਹੈ, "ਕਿਉਂਕਿ ਇਹ ਹੋਣਾ ਹੀ ਹੈ।"[8] ਪੱਤ੍ਰੀ ਵਿਚ ਇੱਥੇ ਅਤੇ ਹੋਰ ਥਾਂ ਤੇ, ਮਸੀਹੀ ਲੋਕ **ਭਾਂਤ ਭਾਂਤ ਦੇ ਪਰਤਾਵਿਆਂ ਨਾਲ ਦੁਖੀ ਹੋਏ** ਸਨ। ਉਹ ਆਪਣੀ ਨਿਹਚਾ ਦੇ ਲਈ ਕੀਮਤ ਅਦਾ ਕਰ ਰਹੇ ਸਨ। ਪਰਤਾਵਿਆਂ ਦੀ ਲੋੜ ਇਸ ਲਈ ਪਈ ਕਿਉਂਕਿ ਜਦੋਂ ਪਵਿੱਤਰ ਲੋਕ ਉਸ ਸੰਸਾਰ ਵਿਚ ਰਹਿੰਦੇ ਹਨ ਜਿੱਥੇ ਪਾਪ ਰਾਜ ਕਰਦਾ ਹੈ ਤਾਂ ਸੰਸਾਰ ਉਨ੍ਹਾਂ ਨੂੰ ਨਫਰਤ ਕਰਦਾ ਹੈ। 1 ਯੂਹੰਨਾ 3:12 ਵਿਚ ਯੂਹੰਨਾ ਨੇ ਮਸੀਹੀ ਲੋਕਾਂ ਨੂੰ ਮਸੀਹੀ ਦੁਖ ਦੇ ਲਈ ਇਕ ਮਹੱਤਵਪੂਰਣ ਸਮਝ ਦਿੱਤੀ। ਉਸ ਨੇ ਪੁੱਛਿਆ ਨੇ ਕਇਨ ਨੇ ਆਪਣੇ ਭਰਾ ਹਾਬਲ ਨੂੰ ਕਿਉਂ ਮਾਰਿਆ। ਫਿਰ ਉਸ ਨੇ ਜਵਾਬ ਦਿੱਤਾ ਕਿ ਕਇਨ ਨੇ ਆਪਣੇ ਭਰਾ ਨੂੰ ਇਸ ਲਈ ਮਾਰਿਆ ਕਿਉਂਕਿ "ਉਹ [ਕਇਨ] ਦੇ ਕੰਮ ਬੁਰੇ ਅਤੇ ਉਹ ਦੇ ਭਰਾ ਦੇ ਕੰਮ ਭਲੇ ਸਨ।" ਮਸੀਹੀ ਲੋਕਾਂ ਲਈ ਪਰਤਾਵੇ ਇਸ ਲਈ ਲੋੜੀਦੇ ਹਨ ਕਿਉਂਕਿ ਸੰਸਾਰ ਉਨ੍ਹਾਂ ਨੂੰ ਨਫਰਤ ਕਰਦਾ ਹੈ ਜਿਹੜੇ ਪਵਿੱਤਰ ਹੋਣ ਦੀ ਇੱਛਾ ਰੱਖਦੇ ਹਨ। ਉਹ ਪਰਤਾਵੇ ਰੱਬੀ ਲੋੜ ਨਹੀਂ ਹਨ ਇਸ ਭਾਵ ਵਿਚ ਕਿ ਪਰਮੇਸ਼ੁਰ ਨੇ ਨਿਸਚਾ ਕੀਤਾ ਹੈ ਕਿ ਪਰਤਾਵੇ ਮਸੀਹੀ ਜੀਉਣ ਦੇ ਨਾਲ-ਨਾਲ ਚੱਲਣਗੇ।[9]

ਪਤਰਸ ਨੇ ਉਨ੍ਹਾਂ ਪਰਤਾਵਿਆਂ ਦੇ ਸੁਭਾਅ ਤੇ ਜ਼ਿਆਦਾ ਜ਼ੋਰ ਨਹੀਂ ਦਿੱਤਾ ਜਿਨ੍ਹਾਂ ਦਾ ਸਾਹਮਣਾ ਉਸ ਦੇ ਪਾਠਕ ਕਰ ਰਹੇ ਸਨ। ਉਨ੍ਹਾਂ ਦੇ ਪਰਤਾਵੇ ਵੱਖ-ਵੱਖ ਤਰ੍ਹਾਂ ਦੇ ਹੋ ਸਕਦੇ ਸਨ। ਚਰਮ ਹਾਲਾਤਾਂ ਵਿਚ, ਮਸੀਹੀ ਲੋਕਾਂ ਤੇ ਅੱਤਿਆਚਾਰ ਕੀਤਾ ਗਿਆ ਸੀ ਜਾਂ ਉਨ੍ਹਾਂ ਨੂੰ ਜਾਨੋਂ ਮਾਰਿਆ ਗਿਆ ਸੀ। ਪੱਤ੍ਰੀ ਵਿਚ ਅੱਗੇ ਜਾ ਕੇ, ਰਸੂਲ ਨੇ ਆਪਣੇ ਪਾਠਕਾਂ ਨੂੰ ਸਰਕਾਰਾਂ ਦੇ ਅਧੀਨ ਰਹਿਣ ਦੀ ਬੇਨਤੀ ਕਰਨਾ ਜ਼ਰੂਰੀ ਸਮਝਿਆ (2:13–17)। ਇਹ ਇਸ ਗੱਲ ਦਾ ਸੁਝਾਅ ਦਿੰਦਾ ਹੈ ਕਿ ਮਸੀਹੀ ਲੋਕਾਂ ਅਤੇ ਸਰਕਾਰੀ ਅਧਿਕਾਰੀਆਂ ਵਿਚਕਾਰ ਆਪਸੀ ਰਿਸ਼ਤਾ ਸਹੀ ਨਹੀਂ ਸੀ।[10] ਇਕ ਹੋਰ ਕਿਸਮ ਦਾ ਦੁਖ ਉਨ੍ਹਾਂ ਦੇ ਆਲੇ-ਦੁਆਲੇ ਰਹਿਣ ਵਾਲਿਆਂ ਦਾ ਮਜ਼ਾਕ ਉਡਾਉਣਾ ਅਤੇ ਉਨ੍ਹਾਂ ਦਾ ਹੁੱਕਾ ਪਾਣੀ ਬੰਦ ਕਰਨਾ ਸੀ। ਜਦੋਂ ਸਮਾਜਕ ਦਸਤੂਰ ਬਦਲ ਰਹੇ ਹਨ, ਤਾਂ ਨਵੇਂ ਲੋਕਾਂ ਜਾਂ ਵਿਚਾਰਧਾਰਾ ਤੇ ਦੋਸ਼ ਲਗਾਉਣਾ ਆਮ ਗੱਲ ਹੈ ਫਿਰ ਸਮਾਜ ਭਾਵੇਂ ਕਿਸੇ ਵੀ ਤਰ੍ਹਾਂ ਦੀਆਂ ਬੁਰਾਈਆਂ ਦਾ ਸਾਹਮਣਾ ਕਰ ਰਿਹਾ ਹੋਵੇ।

ਵਾਰੀ-ਵਾਰੀ, ਪਤਰਸ ਦੇ ਪਾਠਕਾਂ ਨੇ ਆਰਥਿਕ ਕਿਸਮ ਦੇ ਪਰਤਾਵੇ ਝੱਲੇ ਹੋਣਗੇ।

ਜਿਹੜੇ ਲੋਕ ਮਸੀਹ ਨੂੰ ਕਬੂਲ ਕਰਦੇ ਸਨ ਕਈ ਵਾਰ ਉਨ੍ਹਾਂ ਲਈ ਬਜ਼ਾਰ ਵਿਚ ਵਪਾਰ ਕਰਨਾ ਮੁਸ਼ਕਲ ਹੋ ਜਾਂਦਾ ਸੀ। ਉਨ੍ਹਾਂ ਦੀ ਰੋਜ਼ੀ ਰੋਟੀ ਖ਼ਤਰੇ ਵਿਚ ਪੈ ਜਾਂਦੀ ਸੀ ਜਦੋਂ ਉਹ ਆਪਣੀ ਉਪਜ ਜਾਂ ਖੁਦ ਦਾ ਤਿਆਰ ਕੀਤਾ ਸਮਾਨ ਨਹੀਂ ਸੀ ਵੇਚ ਸਕਦੇ। ਪਰਤਾਵੇ ਭਾਵੇਂ ਕੋਈ ਵੀ ਹੋਣ, ਪਤਰਸ ਅਤੇ ਉਸ ਦੇ ਪਾਠਕਾਂ ਕੋਲ ਅਨੰਦ ਕਰਨ ਦਾ ਮੌਕਾ ਸੀ। ਮਸੀਹੀ ਲੋਕਾਂ ਨੇ ਇਸ ਆਸ ਵਿਚ ਅਨੰਦ ਕੀਤਾ ਕਿ ਮਸੀਹ ਦੇ ਦੁਬਾਰਾ ਆਉਣ ਤੇ ਉਨ੍ਹਾਂ ਦਾ ਅਧਕਾਰ ਛੇਤੀ ਪੂਰਾ ਹੋ ਜਾਵੇਗਾ। ਪਰਤਾਵੇ ਇਸ ਗੱਲ ਦਾ ਇਕ ਚਿੰਨ੍ਹ ਸੀ ਕਿ ਸਮਾਂ ਥੋੜ੍ਹਾ ਸੀ (4:7); ਇਸ ਲਈ, ਉਹ ਅਨੰਦ ਕਰਨ ਦਾ ਸਬੱਬ ਸਨ। ਅਨੰਦ ਪਹਿਲਾਂ ਹੀ ਹਾਵੀ ਹੋ ਗਿਆ ਸੀ, ਭਾਵੇਂ ਉਨ੍ਹਾਂ ਨੇ ਕੁਝ ਪਲ ਦੀ ਔਖਿਆਈ ਦਾ ਸਾਹਮਣਾ ਕਿਉਂ ਨਾ ਕੀਤਾ ਹੋਵੇ।

**ਆਇਤ 7.** ਦੁਖ ਮਨੁੱਖਜਾਤੀ ਦੀ ਵਿਆਪਕ ਤਕਦੀਰ ਹੈ, ਪਰ ਖ਼ਤਰਨਾਕ ਹੈ ਜਦੋਂ ਕੋਈ ਵਿਅਕਤੀ ਇਹ ਸੋਚਣ ਦੇ ਸੰਕਟ ਵਿਚ ਪੈ ਜਾਂਦਾ ਹੈ ਕਿ ਪਰਮੇਸ਼ੁਰ ਦੇ ਚੁਣੇ ਹੋਏ ਕਿਉਂ ਦੁਖ ਝੱਲਦੇ ਹਨ। ਇਸ ਦੀ ਉਮੀਦ ਨਹੀਂ ਸੀ ਕਿ ਜਦੋਂ ਪਤਰਸ ਨੇ ਲਿਖਿਆ ਕਿ ਉਸ ਦੇ ਮਿੱਤਰਾਂ ਦੇ ਪਰਤਾਵੇ ਇਸ ਲਈ ਸਨ ਤਾਂ ਕਿ **ਤੁਹਾਡੀ ਪਰਖੀ ਹੋਈ ਨਿਹਚਾ** ਪਰਗਟ ਹੋ ਸਕੇ (ਵੇਖੋ ਯਾਕੂਬ 1:2, 3)। ਅੱਯੂਬ ਨੂੰ "ਤਸੱਲੀ ਦੇਣ ਵਾਲੇ" ਅਲੀਫ਼ਜ਼ ਨੇ ਚੰਚਲ ਸੁਭਾਅ ਨਾਲ ਆਖਿਆ, "ਵੇਖ, ਧੰਨ ਉਹ ਆਦਮੀ ਹੈ ਜਿਸ ਨੂੰ ਪਰਮੇਸ਼ੁਰ ਦਬਕਾਉਂਦਾ ਹੈ, ਸੋ ਸਰਬ ਸ਼ਕਤੀਮਾਨ ਦੀ ਤਾੜ ਨੂੰ ਤੁੱਛ ਨਾ ਜਾਣ, ਉਹ ਤਾਂ ਘਾਇਲ ਕਰਦਾ, ਫੇਰ ਪੱਟੀ ਬੰਨ੍ਹਦਾ ਹੈ, ਉਹ ਸੱਟ ਲਾਉਂਦਾ, ਫੇਰ ਉਹ ਦੇ ਹੱਥ ਚੰਗਾਂ ਕਰਦੇ ਹਨ" (ਅੱਯੂਬ 5:17, 18)। ਪੁਰਖ ਇਸ ਟਿੱਪਣੀ ਤੋਂ ਪ੍ਰਭਾਵਿਤ ਨਹੀਂ ਹੋਇਆ। ਅੱਯੂਬ ਨੇ ਜਵਾਬ ਦਿੱਤਾ, "ਕਿਉਂ ਜੋ ਉਹ ਮੈਨੂੰ ਤੁਫ਼ਾਨ ਨਾਲ ਤੋੜ ਸੁੱਟਦਾ ਅਤੇ ਧਗਾਣੇ ਮੇਰੇ ਫੱਟਾਂ ਨੂੰ ਵਧਾਉਂਦਾ ਹੈ" (ਅੱਯੂਬ 9:17)।

ਕੀ ਇਹ ਸੱਚ ਹੈ ਕਿ ਪਰਤਾਵੇ, ਜਿਨ੍ਹਾਂ ਵਿਚ ਛੋਟੇ-ਛੋਟੇ ਬੱਚਿਆਂ ਅਤੇ ਬਜ਼ੁਰਗਾਂ ਤੇ ਕੀਤਾ ਜਾਣ ਵਾਲਾ ਅੱਤਿਆਚਾਰ ਵੀ ਸ਼ਾਮਲ ਹਨ, ਪਰਮੇਸ਼ੁਰ ਦੀ **ਉਸਤਤ ਅਤੇ ਮਹਿਮਾ** ਲਈ ਹਨ? ਕੀ ਪਰਮੇਸ਼ੁਰ ਉਸ ਉਦੇਸ਼ ਲਈ ਪਰਤਾਵੇ ਭੇਜਦਾ ਹੈ? ਅਜਿਹਾ ਸਿੱਟਾ ਪਤਰਸ ਦੇ ਸ਼ਬਦਾਂ ਨੂੰ ਬਹੁਤ ਦੂਰ ਤੱਕ ਲੈ ਜਾਂਦਾ ਹੈ। ਪਰਤਾਵਿਆਂ ਦਾ ਕਾਰਣ ਇਕ ਗੱਲ ਹੈ; ਪਰਤਾਵਿਆਂ ਦਾ ਨਤੀਜਾ ਦੂਜੀ ਗੱਲ ਹੈ। ਪਰਮੇਸ਼ੁਰ ਇਸ ਲਈ ਪਰਤਾਵੇ ਨਹੀਂ ਲਿਆਉਂਦਾ ਕਿ ਉਸ ਦੀ ਮਹਿਮਾ ਹੋ ਸਕੇ। ਪਤਰਸ ਨੇ ਕਿਹਾ ਕਿ ਸੰਸਾਰ ਤੇ ਪਰਮੇਸ਼ੁਰ ਦਾ ਸਰਬ ਸੱਤਾਧਾਰੀ ਰਾਜ ਉਸਤਤ ਲਿਆ ਸਕਦਾ ਹੈ ਸਗੋਂ ਉਦੋਂ ਵੀ ਜਦੋਂ ਉਸ ਦੇ ਲੋਕ ਦੁਖ ਝੱਲਦੇ ਹਨ। ਕੈਲੀ ਦਾ ਅਨੁਵਾਦ ਇਕ ਵਾਰ ਫੇਰ ਮਦਦਗਾਰ ਸਾਬਤ ਹੁੰਦਾ ਹੈ: ". . . ਨਿਹਚਾ ਸੋਨੇ ਨਾਲੋਂ ਵੀ ਜ਼ਿਆਦਾ ਭਾਰੇ ਮੁੱਲ ਦੀ ਮਲੂਮ ਹੁੰਦੀ ਹੋ ਸਕਦੀ ਹੈ . . . ਅਤੇ ਇਸ ਲਈ ਤੁਹਾਡੇ ਉਸਤਤ ਅਤੇ ਮਹਿਮਾ ਵਿਚ ਵਾਧਾ ਕਰਦੀ ਹੈ . . . ।"[11] ਪੌਲੁਸ ਉਸ ਤਰੀਕੇ ਨੂੰ ਪੇਸ਼ ਕਰਨ ਦੇ ਲਈ ਜਿਸ ਕਾਰਨ ਦੁਖ ਦਾ ਪਰਿਣਾਮ ਪਰਮੇਸ਼ੁਰ ਦੀ ਮਹਿਮਾ ਹੁੰਦਾ ਹੈ ਹੋਰ ਵੀ ਅੱਗੇ ਗਿਆ:

> ਨਿਰਾ ਇਹੋ ਨਹੀਂ ਸਗੋਂ ਬਿਪਤਾਂ ਵਿੱਚ ਭੀ ਅਭਮਾਨ ਕਰੀਏ ਕਿਉਂ ਜੋ ਇਹ ਜਾਣਦੇ ਹਾਂ ਭਈ ਬਿਪਤਾ ਧੀਰਜ ਪੈਦਾ ਕਰਦੀ ਹੈ ਅਤੇ ਧੀਰਜ ਦ੍ਰਿੜ੍ਹਤਾ ਅਤੇ ਦ੍ਰਿੜ੍ਹਤਾ ਆਸ ਪੈਦਾ ਕਰਦੀ ਹੈ ਅਤੇ ਆਸ ਸ਼ਰਮਿੰਦਿਆਂ ਨਹੀਂ ਕਰਦੀ ਇਸ ਲਈ ਜੋ ਪਰਮੇਸ਼ੁਰ ਦਾ ਪ੍ਰੇਮ ਪਵਿੱਤਰ ਆਤਮਾ ਦੇ ਵਸੀਲੇ ਨਾਲ ਜੋ ਸਾਨੂੰ ਦਿੱਤਾ ਗਿਆ ਸਾਡਿਆਂ ਹਿਰਦਿਆਂ ਵਿੱਚ ਪਾਇਆ ਹੋਇਆ ਹੈ (ਰੋਮੀਆਂ 5:3–5)।

ਪਰਮੇਸ਼ੁਰ ਦੇ ਲੋਕਾਂ ਦਾ ਅੱਗ ਦੀ ਭੱਠੀ ਵਿੱਚੋਂ ਤਾਏ ਜਾ ਕੇ ਬਾਹਰ ਆਉਣ ਦਾ ਅਲੰਕਾਰ

ਨਬੀਆਂ ਵਿਚ ਆਮ ਸੀ (ਯਸਾਯਾਹ 1:25; 48:10; ਯਿਰਮਿਯਾਹ 6:29, 30; ਹਿਜ਼ਕੀਏਲ 22:18)। ਜੌਨ ਸਟੌਟ ਨੇ ਲਿਖਿਆ, "ਜੀਵਨ ਦੀਆਂ ਨਾਕਾਮੀਆਂ ਅਤੇ ਨਿਰਾਸ਼ਾਵਾਂ, ਇਕੱਲਾਪਣ, ਦੁਖ ਅਤੇ ਅਤੇ ਦਰਦ ਨੂੰ ਸਮਝਣ ਦਾ ਇਕਮਾਤਰ ਤਰੀਕਾ ਇਨ੍ਹਾਂ ਸਾਰੀਆਂ ਗੱਲਾਂ ਨੂੰ ਸਾਡੇ ਪ੍ਰੇਮੀ ਪਿਤਾ ਦੇ ਅਨੁਸ਼ਾਸਨ ਦੇ ਇਕ ਹਿੱਸੇ ਵਜੋਂ ਸਾਨੂੰ ਮਸੀਹ ਵਰਗਾ ਬਣਾਉਣ ਦੇ ਉਸ ਦੇ ਸੰਕਲਪ ਵਿਚ ਵੇਖਣਾ ਹੈ।"[12]

ਮਸੀਹੀ ਨਿਹਚਾ ਇਕ ਨਿਸ਼ਚਲ ਗੁਣ ਹੈ, ਇਕ ਅਜਿਹੀ ਚੀਜ਼ ਜੋ ਵਿਅਕਤੀ ਕੋਲ ਹੁੰਦੀ ਹੈ ਜਾਂ ਨਹੀਂ ਹੁੰਦੀ ਹੈ। ਦਰੋਗੇ ਦੀ ਨਿਹਚਾ ਜਦੋਂ ਉਸ ਨੂੰ ਲਿਜਾ ਕੇ ਬਪਤਿਸਮਾ ਦਿੱਤਾ ਗਿਆ (ਰਸੂਲਾਂ ਦੇ ਕਰਤੱਬ 16:33) ਉਸ ਸਮੇਂ ਕਾਫੀ ਸੀ, ਪਰ ਮਸੀਹੀ ਜੀਉਣ ਵਿੱਚੋਂ ਤਾਏ ਜਾਣ ਤੋਂ ਬਾਅਦ ਕੋਈ ਵੀ ਵਿਅਕਤੀ ਉਸ ਦੀ ਨਿਹਚਾ ਦੇ ਗੁਣ ਵਿਚ ਬਹੁਤ ਜ਼ਿਆਦਾ ਵੱਖਰੀ ਹੋਣ ਦੀ ਉਮੀਦ ਕਰੇਗਾ। ਸਤਾਵ ਸਹਿਣਾ ਅਤੇ ਪ੍ਰਭੂ ਨਾਲ ਜੀਉਂਦੇ ਰਿਸ਼ਤੇ ਦਾ ਅਨੁਭਵ ਕਰਨਾ ਨਿਹਚਾ ਨੂੰ ਉਸਾਰਦਾ ਹੈ। ਮਸੀਹੀ ਲੋਕ ਅਨੰਦ ਮਨਾਉਂਦੇ ਹਨ ਜਦੋਂ ਪਰਤਾਵੇ ਆਉਂਦੇ ਹਨ ਕਿਉਂਕਿ ਇਹ ਬੇਪਰਤੀਤੀ ਦੀ ਮੈਲ ਨੂੰ ਸਾੜ ਦਿੰਦੇ ਹਨ। ਪਰਤਾਵੇ ਨਿਹਚਾ ਦੇ ਅਸਲੀ ਗੁਣ ਨੂੰ ਉਜਾਗਰ ਕਰਦੇ ਹਨ, ਪਰ ਉਹ ਡੂੰਘੀ ਨਿਹਚਾ ਵੀ ਪੈਦਾ ਕਰਦੇ ਹਨ। ਰਸੂਲ ਨੇ ਆਪਣੀ ਦੂਜੀ ਪੱਤ੍ਰੀ ਮਸੀਹੀ ਲੋਕਾਂ ਨੂੰ ਇਹ ਨਸੀਹਤ ਦੇਣ ਨਾਲ ਖਤਮ ਕੀਤੀ ਕਿ "ਸਾਡੇ ਪ੍ਰਭੂ ਅਤੇ ਮੁਕਤੀ ਦਾਤੇ ਯਿਸੂ ਮਸੀਹ ਦੀ ਕਿਰਪਾ ਅਤੇ ਗਿਆਨ ਵਿੱਚ ਵਧਦੇ ਜਾਓ" (2 ਪਤਰਸ 3:18)। ਜਦੋਂ ਨਿਹਚਾ ਪਰਤਾਵਿਆਂ ਨਾਲ ਤਾਈ ਜਾਂਦੀ ਹੈ, ਤਾਂ ਮਸੀਹੀ ਵਿਅਕਤੀ ਕਿਰਪਾ ਅਤੇ ਗਿਆਨ ਵਿੱਚ ਵੱਧਦਾ ਜਾਂਦਾ ਹੈ।

1:7 ਵਿਚ, 1:5 ਵਿਚ ਵੀ, ਪਤਰਸ ਨੇ ਆਪਣੇ ਪਾਠਕਾਂ ਨੂੰ **ਯਿਸੂ ਮਸੀਹ ਦੇ ਪਰਗਟ ਹੋਣ** ਬਾਰੇ ਚੇਤੇ ਕਰਾਇਆ। ਪ੍ਰਭੂ ਦਾ ਦੁਬਾਰਾ ਆਉਣਾ ਪਤਰਸ ਦੀ ਸੋਚ ਤੋਂ ਕਦੇ ਵੀ ਦੂਰ ਨਹੀਂ ਸੀ। ਜਦੋਂ "ਯਿਸੂ ਮਸੀਹ ਦਾ ਪਰਕਾਸ਼" ਹੁੰਦਾ ਹੈ, ਮਸੀਹੀ ਨਿਹਚਾ ਦਾ "ਸਬੂਤ" ਜਾਂ "ਅਸਲੀਅਤ" ਉਨ੍ਹਾਂ ਦੀ ਆਪਣੀ ਅਤੇ ਪ੍ਰਭੂ ਦੋਹਾਂ ਦੀ ਉਸਤਤ, ਮਹਿਮਾ ਅਤੇ ਆਦਰ ਲਈ ਉੱਛਲੇਗੀ। ਉਸਤਤ, ਮਹਿਮਾ ਅਤੇ ਆਦਰ ਪਰਮੇਸ਼ੁਰ ਨੂੰ ਜਾਵੇਗਾ ਕਿਉਂਕਿ ਉਸ ਨੇ ਆਪਣੇ ਲੋਕਾਂ ਦੇ ਜੀਵਨਾਂ ਵਿਚ ਪਵਿੱਤਰਤਾ ਲਿਆਂਦੀ ਹੈ। ਇਸ ਦੇ ਨਾਲ ਹੀ, ਉਹ ਸੱਚੀ ਨਿਹਚਾ ਵਾਲੇ ਲੋਕਾਂ ਵਿਚ ਉਸਤਤ, ਮਹਿਮਾ ਅਤੇ ਆਦਰ ਭਰੇਗਾ। ਪਤਰਸ ਚਾਹੁੰਦਾ ਸੀ ਕਿ ਉਸ ਦੇ ਪਾਠਕ ਪ੍ਰਭੂ ਦੇ ਨਮੂਨੇ ਤੇ ਚੱਲਣ। ਇਬਰਾਨੀਆਂ 12:2 ਕਹਿੰਦੀ ਹੈ, "ਅਤੇ ਯਿਸੂ ਦੀ ਵੱਲ ਤੱਕਦੇ ਰਹੀਏ ਜਿਹੜਾ ਨਿਹਚਾ ਦਾ ਕਰਤਾ ਅਤੇ ਸੰਪੂਰਨ ਕਰਨ ਵਾਲਾ ਹੈ, ਜਿਹ ਨੇ ਉਸ ਅਨੰਦ ਨਮਿੱਤ ਜੋ ਉਹ ਦੇ ਅੱਗੋਂ ਧਰਿਆ ਹੋਇਆ ਸੀ ਲਾਜ ਨੂੰ ਤੁੱਛ ਜਾਣ ਕੇ ਸਲੀਬ ਦਾ ਦੁਖ ਝੱਲਿਆ ਅਤੇ ਪਰਮੇਸ਼ੁਰ ਦੇ ਸਿੰਘਾਸਣ ਦੇ ਸੱਜੇ ਪਾਸੇ ਬਿਰਾਜਮਾਨ ਹੋਇਆ।"

**ਆਇਤ 8.** ਰਸੂਲ ਨੇ ਆਪਣੇ ਪਾਠਕਾਂ ਨੂੰ ਉਸ ਅਨੰਦ ਦੇ ਬਾਰੇ ਜੋ ਉਨ੍ਹਾਂ ਨੂੰ ਯਿਸੂ ਵਿਚ ਪ੍ਰਾਪਤ ਹੋਇਆ ਸੀ ਅਤੇ ਯਿਸੂ ਦੇ ਪਰਗਟ ਹੋਣ ਲਈ ਉਨ੍ਹਾਂ ਦੀ ਉਤਸੁਕਤਾ ਬਾਰੇ ਚੇਤੇ ਕਰਾਇਆ। ਹਾਲਾਂਕਿ ਉਸ ਨੇ ਇਹ ਗੱਲ ਕਬੂਲ ਕੀਤੀ ਕਿ ਉਨ੍ਹਾਂ ਨੇ **ਉਹ ਨੂੰ ਨਹੀਂ ਸੀ ਵੇਖਿਆ**। ਇਹ ਗੱਲ ਅਸੰਭਵ ਹੈ ਕਿ ਪਤਰਸ ਚਾਹੁੰਦਾ ਸੀ ਕਿ ਉਸ ਦੇ ਪਾਠਕ ਆਪਣੇ ਅਨੁਭਵਾਂ ਦੀ ਤੁਲਨਾ ਉਸ ਦੇ ਆਪਣੇ ਅਨੁਭਵ ਨਾਲ ਕਰਨ। ਉਦਾਹਰਣ ਦੇ ਲਈ, ਉਨ੍ਹਾਂ ਨੇ ਯਿਸੂ ਨੂੰ ਸਰੀਰ ਵਿਚ ਨਹੀਂ ਸੀ ਵੇਖਿਆ, ਪਰ ਪਤਰਸ ਨੇ ਵੇਖਿਆ ਸੀ। ਆਪਣੀ ਦੂਜੀ ਪੱਤ੍ਰੀ ਵਿਚ ਰਸੂਲ ਨੇ ਤੁਲਨਾ ਕੀਤੀ (2 ਪਤਰਸ 1:16), ਪਰ ਇਸ ਪੱਤ੍ਰੀ ਵਿਚ ਉਸ ਦੇ ਨਿੱਜੀ ਚਸ਼ਮਦੀਦ ਗਵਾਹਾਂ ਦੀ ਗਵਾਹੀ ਨੂੰ ਜ਼ਿਆਦਾ ਚਲਾਕੀ ਨਾਲ ਵਿਅਕਤ ਕੀਤਾ ਗਿਆ ਸੀ

(1 ਪਤਰਸ 2:23, 24; 5:1)।

ਪਤਰਸ ਨੇ ਟਿੱਪਣੀ ਕੀਤੀ ਕਿ ਇਨ੍ਹਾਂ ਭਰਾਵਾਂ ਨੇ ਯਿਸੂ ਦੀ ਸਰੀਰਕ ਮੌਜੂਦਗੀ ਦਾ ਅਨੁਭਵ ਨਹੀਂ ਸੀ ਕੀਤਾ, ਪਰ ਉਨ੍ਹਾਂ ਨੇ ਨਿਸ਼ਚਤ ਤੌਰ ਤੇ ਯਿਸੂ ਨੂੰ ਇਸ ਤਰੀਕੇ ਨਾਲ ਪ੍ਰੇਮ ਕੀਤਾ ਸੀ ਜਿਵੇਂ ਕਿ ਉਹ ਸਰੀਰ ਵਿਚ ਉਨ੍ਹਾਂ ਦੇ ਸਾਹਮਣੇ ਮੌਜੂਦ ਹੋਵੇ। ਵਿਆਕਰਣਾਤਮਕ ਤੌਰ ਤੇ ਕਿਰਿਆਵਾਂ **ਪ੍ਰੇਮ ਰੱਖਦੇ ਹੋ, ਨਿਹਚਾ ਕਰ ਕੇ**[13] ਅਤੇ **ਐਡਾ ਅਨੰਦ ਕਰਦੇ ਹੋ** ਆਗਿਆਵਾਚਕ ਹੋ ਸਕਦੇ ਹਨ, ਜਿਸ ਦਾ ਅਨੁਵਾਦ ਇਹ ਹੋਵੇਗਾ, "ਅਤੇ ਹਾਲਾਂਕਿ ਤੁਸੀਂ ਉਸ ਨੂੰ ਨਹੀਂ ਵੇਖਿਆ, ਉਸ ਨੂੰ ਪ੍ਰੇਮ ਨਹੀਂ ਕੀਤਾ, ਹਾਲਾਂਕਿ ਤੁਸੀਂ ਉਸ ਨੂੰ ਵਰਤਮਾਨ ਸਮੇਂ ਵਿਚ ਨਹੀਂ ਵੇਖਦੇ ਹੋ, ਉਸ ਉੱਤੇ ਨਿਹਚਾ ਕਰੋ ਅਤੇ ਵੱਡਾ ਅਨੰਦ ਕਰੋ।" ਫਿਰ ਵੀ, ਆਗਿਆਵਾਚਕ ਸੰਦਰਭ ਵਿਚ ਕੁਚੱਜੇ ਢੰਗ ਨਾਲ ਢੁਕਵੇਂ ਬੈਠਣਗੇ ਅਤੇ ਸੰਭਵਾਨਾ ਇਹ ਹੈ ਕਿ ਸ਼ਾਇਦ ਰੱਦ ਕਰ ਕੀਤੇ ਜਾਣਗੇ। ਜੇਕਰ ਅਸੀਂ ਕਿਰਿਆਵਾਂ ਨੂੰ ਆਗਿਆਵਾਚਕਾਂ ਦੀ ਬਜਾਇ ਹਾਂ ਵਾਚਕਾਂ ਦੇ ਤੌਰ ਤੇ ਲਈਏ, ਯੂਨਾਨੀ ਵਰਤਮਾਨ ਕਾਲ ਪਤਰਸ ਦੇ ਸ਼ਬਦਾਂ ਨੂੰ ਦਿਲਚਸਪ ਬਣਾ ਦਿੰਦਾ ਹੈ: "ਤੁਸੀਂ ਉਸ ਨੂੰ ਨਹੀਂ ਵੇਖਿਆ ਹੈ, ਪਰ ਤੁਸੀਂ ਉਸ ਨੂੰ ਪ੍ਰੇਮ ਕਰਦੇ ਰਹੋ। ਹਾਲਾਂਕਿ ਤੁਸੀਂ ਉਸ ਨੂੰ ਹੁਣ ਨਹੀਂ ਵੇਖਦੇ ਹੋ, ਤੁਸੀਂ ਉਸ ਉੱਤੇ ਨਿਹਚਾ ਕਰਨਾ ਅਤੇ ਅਨੰਦ ਕਰਨਾ ਜਾਰੀ ਰੱਖੋ। ਤੁਹਾਡਾ ਅਨੰਦ ਵਰਣਨ ਤੋਂ ਬਾਹਰ ਹੈ ਅਤੇ ਇਹ ਉਸ ਮਹਿਮਾ ਨਾਲ ਪਾਇਆ ਜਾਂਦਾ ਹੈ ਜੋ ਵਰਤਮਾਨ ਪਲ ਨੂੰ ਬਰਦਾਸ਼ਤ ਕਰਦੀ ਹੈ।"

ਜਦ ਕਿ ਆਸ ਭਵਿੱਖ ਦੇ ਪਰਕਾਸ਼ ਲਈ ਵਿਸ਼ਵਾਸੀਆਂ ਨੂੰ ਹਿੰਮਤ ਦਿੰਦੀ ਹੈ ਜਦੋਂ ਉਹ ਦੁੱਖ ਝੱਲਦੇ ਹਨ, ਉਹ ਵਰਤਮਾਨ ਵਿਚ ਪ੍ਰਭੂ ਨਾਲ ਪ੍ਰੇਮ ਸੰਬੰਧ ਦਾ ਅਨੁਭਵ ਵੀ ਕਰਦੇ ਹਨ। ਮਸੀਹ ਦਾ ਅਨੁਭਵ ਕਰਨ ਲਈ, ਉਸ ਨੂੰ ਪ੍ਰੇਮ ਕਰਨ ਲਈ ਅਤੇ ਉਸ ਦੇ ਪ੍ਰੇਮ ਦਾ ਅਨੰਦ ਮਾਣਨ ਲਈ ਉਸ ਨੂੰ ਵੇਖਣਾ ਜ਼ਰੂਰੀ ਨਹੀਂ ਹੈ। ਇਹ ਕਿ ਪਰਮੇਸ਼ੁਰ ਮਨੁੱਖਜਾਤੀ ਦੇ ਪ੍ਰੇਮ ਦੀ ਇੱਛਾ ਕਰਦਾ ਹੈ ਬਾਈਬਲ ਦੇ ਸਭ ਤੋਂ ਸ਼ਾਨਦਾਰ ਪਰਕਾਸ਼ਾਂ ਵਿੱਚੋਂ ਇਕ ਹੈ। ਇਹ ਸਮਝਣਾ ਕਾਫੀ ਹੈਰਾਨੀਜਨਕ ਹੈ ਕਿ ਜਗਤ ਦਾ ਪਰਮੇਸ਼ੁਰ ਨਾ ਸਿਰਫ ਇਸ ਤੋਂ ਜਾਣੂ ਹੈ ਪਰ ਅਸਲ ਵਿਚ ਆਪਣੀ ਰਚਨਾ ਨੂੰ ਪ੍ਰੇਮ ਕਰਦਾ ਹੈ। ਜੋ ਗੱਲ ਸਮਝ ਤੋਂ ਪਰੇ ਹੈ ਉਹ ਇਹ ਹੈ ਕਿ ਉਹ ਇਸ ਗੱਲ ਦੀ ਚਿੰਤਾ ਕਰਦਾ ਹੈ ਕਿ ਉਸ ਦੀ ਰਚਨਾ ਉਸ ਨੂੰ ਪ੍ਰੇਮ ਕਰਦੀ ਹੈ ਜਾਂ ਨਹੀਂ। ਫਿਰ ਵੀ, ਉਹ ਪਵਿੱਤਰ ਵਚਨਾਂ ਦੀ ਸਰਵਜਨਕ ਗਵਾਹੀ ਹੈ। ਸ਼ੇਮਾ (ਬਿਵਸਥਾ ਸਾਰ 6:4) ਯਹੂਦੀ ਅਤੇ ਨਿਹਚਾ ਦੇ ਮਸੀਹੀ ਇਕਰਾਰਾਂ ਦੋਹਾਂ ਦੇ ਦਿਲ ਵਿਚ ਹੈ। ਮੂਸਾ ਨੇ ਪਰਮੇਸ਼ੁਰ ਦੀ ਇੱਕਜੁਟਤਾ ਦੀ ਪੁਸ਼ਟੀ ਕਰਨ ਤੋਂ ਬਾਅਦ, ਉਸ ਨੇ ਕਿਹਾ, "ਤੁਸੀਂ ਯਹੋਵਾਹ ਆਪਣੇ ਪਰਮੇਸ਼ੁਰ ਨੂੰ ਆਪਣੇ ਸਾਰੇ ਮਨ, ਆਪਣੀ ਸਾਰੀ ਜਾਨ ਅਤੇ ਆਪਣੇ ਸਾਰੇ ਜ਼ੋਰ ਨਾਲ ਪਿਆਰ ਕਰੋ" (ਬਿਵਸਥਾ ਸਾਰ 6:5)। ਯਿਸੂ ਨੇ ਖੁਦ ਕਿਹਾ ਹੈ ਕਿ ਇਹ ਸਾਰੇ ਹੁਕਮਾਂ ਵਿੱਚੋਂ ਸਭ ਤੋਂ ਵੱਡਾ ਹੁਕਮ ਸੀ (ਮਰਕੁਸ 12:29, 30)। ਕੀ ਪਰਮੇਸ਼ੁਰ ਨੂੰ, ਕਿਸੇ ਨਾ ਕਿਸੇ ਭਾਵ ਵਿਚ, ਮਨੁੱਖਜਾਤੀ ਦੇ ਪ੍ਰੇਮ ਦੀ ਲੋੜ ਹੈ? ਮਸੀਹੀ ਲੋਕ ਇਸ ਗੱਲ ਦਾ ਇਕਰਾਰ ਕਰਨ ਵਿਚ ਜ਼ਿਆਦਾ ਸੁਖਾਵਾਂ ਮਹਿਸੂਸ ਕਰਦੇ ਹਨ ਕਿ ਪਰਮੇਸ਼ੁਰ ਮਨੁੱਖੀ ਪ੍ਰੇਮ ਚਾਹੁੰਦਾ ਹਾਂ ਬਜਾਇ ਇਸ ਦੇ ਕਿ ਉਸ ਨੂੰ ਇਸ ਦੀ ਜ਼ਰੂਰਤ ਹੈ। ਫਿਰ ਵੀ, ਸਾਨੂੰ ਪੁੱਛਣਾ ਚਾਹੀਦਾ ਹੈ ਕਿ ਉਹ ਚਾਹੁੰਦਾ ਹੈ ਜਾਂ ਨਹੀਂ ਚਾਹੁੰਦਾ ਹੈ, ਘੱਟੋ-ਘੱਟ ਕਿਸੇ ਨਾ ਕਿਸੇ ਭਾਵ ਵਿਚ, ਜ਼ਰੂਰਤ ਵੱਲ ਇਸ਼ਾਰਾ ਕਰਦਾ ਹੈ? ਫਿਰ ਵੀ ਸਾਨੂੰ ਸਵਾਲਾਂ ਦੇ ਜਵਾਬ ਦੇਣੇ ਚਾਹੀਦੇ ਹਨ, ਪਤਰਸ ਨੇ ਇੰਨਾ ਹੀ ਸਪੱਸ਼ਟ ਕੀਤਾ: ਕਿਸੇ ਵੀ ਵਿਅਕਤੀ ਨੂੰ ਪਰਮੇਸ਼ੁਰ ਨਾਲ ਇਕ ਜ਼ਰੂਰੀ ਰਿਸ਼ਤਾ ਰੱਖਣ ਦੇ ਲਈ, ਉਸ ਨੂੰ ਪ੍ਰੇਮ ਕਰਨਾ ਚਾਹੀਦਾ ਹੈ। ਪਤਰਸ ਲਈ, ਪਰਮੇਸ਼ੁਰ ਨੂੰ ਪ੍ਰੇਮ ਕਰਨਾ ਅਤੇ ਯਿਸੂ ਨੂੰ ਪ੍ਰੇਮ

ਕਰਨਾ ਇੱਕੋ ਗੱਲ ਸੀ।

ਪ੍ਰੇਮ ਅਤੇ ਨਿਹਚਾ ਦਾ ਨੇੜਲਾ ਸੰਬੰਧ ਪੂਰੇ ਨਵੇਂ ਨੇਮ ਵਿਚ ਮਿਲਦਾ ਹੈ। ਦੋ ਸ਼ਾਬਦਕ ਧਾਰਣਾਵਾਂ, ਜੋ ਕਿ ਬਿਲਕੁਲ ਇੱਕੋ ਜਿਹੀਆਂ ਨਹੀਂ ਹਨ, ਬਹੁਤ ਹੀ ਨੇੜਿਓਂ ਇਕ ਦੂਜੇ ਨਾਲ ਜੁੜੀਆਂ ਹੋਈਆਂ ਹਨ ਜਿਵੇਂ ਕਿ 1 ਕੁਰਿੰਥੀਆਂ 13 ਵਰਗੇ ਬੰਦਾਂ ਵਿਚ ਸਪੱਸ਼ਟ ਹੈ। ਅਨਿਸ਼ਚਤ ਭੂਤਕਾਲ (ἰδόντες, *ਇਡੋਨਟੇਸ,* "ਵੇਖ ਚੁੱਕੇ ਹੋ") ਤੋਂ ਵਰਤਮਾਨ (ὁρῶντες, *ਹੋਰੋਨਟੇਸ,* "ਵੇਖ ਰਹੇ ਹੋ") ਵੱਲ ਜਾਂਦਿਆਂ, ਜੋ ਕਿ ਵੇਖਣ ਦੀ ਚੱਲ ਰਹੀ ਪਰੀਕ੍ਰਿਆ ਵੱਲ ਧਿਆਨ ਲੈ ਕੇ ਜਾਂਦਾ ਹੈ, ਪਤਰਸ ਨੇ ਫੇਰ ਉਸੇ ਗੱਲ ਤੇ ਧਿਆਨ ਦਿੱਤਾ ਜੋ ਸਪੱਸ਼ਟ ਹੈ: "ਹਾਲਾਂਕਿ ਤੁਸੀਂ ਹੁਣ ਉਸ ਨੂੰ ਨਹੀਂ ਵੇਖਦੇ ਹੋ, ਪਰ ਉਸ ਉੱਤੇ ਨਿਹਚਾ ਕਰੋ।" ਇਹ ਸ਼ਾਇਦ ਹੀ ਇਕ ਨਿਰਪੱਖ ਮੱਤ ਹੈ ਜਿਸ ਨੇ ਪਤਰਸ ਦੇ ਆਪਣੇ ਪਾਠਕਾਂ ਲਈ ਪੁਸ਼ਟੀ ਕੀਤੀ। "ਨਿਹਚਾ ਕਰੋ" ਸ਼ਬਦ ਜਿਸ ਭਾਵ ਵਿਚ ਪੌਲੁਸ ਨੇ ਵਰਤਿਆ ਸੀ ਉਸ ਦਾ ਅਰਥ ਹੈ "ਭਰੋਸਾ ਕਰਨਾ।" ਪਤਰਸ ਨੇ ਕਿਹਾ, ਤੁਸੀਂ ਯਿਸੂ ਮਸੀਹ ਨੂੰ ਪ੍ਰੇਮ ਕਰੋ ਅਤੇ ਉਸ ਉੱਤੇ ਭਰੋਸਾ ਕਰੋ। ਪ੍ਰੇਮ ਅਤੇ ਭਰੋਸਾ ਸੁਰੱਖਿਅਤ ਬੱਝੇ ਹੋਏ ਹਨ।

ਪ੍ਰੇਮ ਅਤੇ ਭਰੋਸਾ ਦੋਵਾਂ ਨੇ ਮਿਲ ਕੇ ਨਤੀਜਾ ਪੈਦਾ ਕੀਤਾ: ਐਡਾ ਅਨੰਦ ਕਰਦੇ ਹੋ ਜੋ ਵਰਣਨ ਤੋਂ ਬਾਹਰ ਅਤੇ ਤੇਜ ਨਾਲ ਭਰਪੂਰ ਹੈ। ਐਡਵਰਡ ਗੋਰਡੋਨ ਸੈਲਵਿਨ ਮਸੀਹ ਬਾਰੇ ਮਨੁੱਖੀ ਸਮਝ ਵਿਚ ਚਾਰ ਕਦਮਾਂ ਵਿਚ ਭੇਦ ਦਰਸਾਇਆ। ਪਹਿਲਾ ਆਸ ਹੈ, ਉਸ ਤੋਂ ਬਾਅਦ ਸਰੀਰਕ ਅਨੁਭਵ ਆਉਂਦਾ ਹੈ। ਤੀਜਾ ਨਿਹਚਾ ਹੈ ਅਤੇ ਚੌਥਾ "ਅਨੰਦਮਈ ਦਰਸ਼ਣ ਹੈ, ਜਦੋਂ ਨਿਹਚਾ ਇਕ ਨਵੇਂ ਕਿਸਮ ਦੇ ਦਰਸ਼ਣ ਵਿਚ ਲੰਘ ਜਾਂਦੀ ਹੈ।"[14] ਗੈਰ-ਵਿਸ਼ਵਾਸੀ ਦੇ ਲਈ ਉਸ ਅਨੰਦ ਨੂੰ ਸਮਝਣਾ ਮੁਸ਼ਕਲ ਹੁੰਦਾ ਹੈ ਜਿਸ ਦਾ ਅਨੁਭਵ ਇਕ ਵਿਸ਼ਵਾਸੀ ਕਰਦਾ ਹੈ ਅਤੇ ਵਿਸ਼ਵਾਸੀ ਲਈ ਉਸ ਅਨੰਦ ਨੂੰ ਉਨ੍ਹਾਂ ਸ਼ਬਦਾਂ ਵਿਚ ਬਿਆਨ ਕਰਨਾ ਮੁਸ਼ਕਲ ਹੁੰਦਾ ਹੈ ਜਿਨ੍ਹਾਂ ਦੀ ਇਕ ਗੈਰ-ਵਿਸ਼ਵਾਸੀ ਪ੍ਰਸ਼ੰਸ਼ਾ ਕਰ ਸਕਦਾ ਹੈ। ਹਾਲਾਂਕਿ ਮਸੀਹੀ ਵਿਅਕਤੀ ਦਾ ਅਨੰਦ "ਵਰਣਨ ਤੋਂ ਬਾਹਰ" ਹੋ ਸਕਦਾ ਹੈ, ਫਿਰ ਵੀ ਇਹ ਚਮਕਦਾਰ, "ਤੇਜ ਨਾਲ ਭਰਪੂਰ" ਹੈ ਜੋ ਮਸੀਹ ਦੀ ਹਜ਼ੂਰੀ ਦੇ ਨੂਰ ਨਾਲ ਉਸ ਨੂੰ ਅਤੇ ਉਹ ਜੋ ਕਰਦਾ ਹੈ ਉਸ ਨੂੰ ਘੇਰੀ ਰੱਖਦਾ ਹੈ।

**ਆਇਤ 9.** ਯੂਨਾਨੀ ਭਾਸ਼ਾ ਦਾ ਪਾਲਣ ਕਰਦੇ ਹੋਏ, NASB ਬਾਈਬਲ 6 ਤੋਂ 9 ਆਇਤਾਂ ਦਾ ਅਨੁਵਾਦ ਇਕ ਗੁੰਝਲਦਾਰ ਵਾਕ ਵਜੋਂ ਕਰਦੀ ਹੈ। ਮਸੀਹੀ ਲੋਕ ਜਿਨ੍ਹਾਂ ਨੂੰ ਪਤਰਸ ਨੇ ਸੰਬੋਧਿਤ ਕੀਤਾ ਸੀ [ਆਪਣੀ] **ਨਿਹਚਾ ਦਾ ਫਲ** ਅਰਥਾਤ [ਆਪਣੀਆਂ] **ਜਾਨਾਂ ਦੀ ਮੁਕਤੀ ਪਰਾਪਤ ਕਰਨ** ਦੀ ਪਰਿਕ੍ਰਿਆ ਵਿਚ ਸਨ। ਇਕ ਭਾਵ ਸੀ ਜਿਸ ਦੇ ਵਿਚ ਪਤਰਸ ਦੇ ਪਾਠਕਾਂ ਦੀ ਮੁਕਤੀ ਲਈ ਇਕ ਭਵਿੱਖ ਦੀ ਸੰਭਾਵਨਾ ਸੀ ਜੋ ਮਸੀਹ ਦੇ ਪਰਗਟ ਹੋਣ ਤੇ ਪੂਰੀ ਹੋਣੀ ਸੀ, ਪਰ ਇਹ ਉਹ ਭਾਵ ਸੀ ਜਿਸ ਵਿਚ ਮੁਕਤੀ ਅਨੁਭਵ ਕੀਤੀ ਹੋਈ ਅਸਲੀਅਤ ਸੀ। ਉਹ ਇਸ ਨੂੰ ਪਰਾਪਤ ਕਰ ਰਹੇ ਸਨ ਉਦੋਂ ਵੀ ਜਦੋਂ ਉਨ੍ਹਾਂ ਨੇ ਇਸ ਦੇ ਆਖ਼ਰ ਵਿਚ ਪੂਰੇ ਹੋਣ ਦੀ ਆਸ ਕੀਤੀ ਸੀ।

ਪੂਰੇ ਨਵੇਂ ਨੇਮ ਵਿਚ "ਮੁਕਤੀ" ਨੂੰ ਬਹੁਤ ਹੀ ਨੇੜਿਓਂ ਨਿਹਚਾ ਦੇ ਨਾਲ ਜੋੜਿਆ ਗਿਆ ਹੈ। ਪੌਲੁਸ ਨੇ ਲਿਖਿਆ, "ਤੁਸੀਂ ਕਿਰਪਾ ਤੋਂ ਨਿਹਚਾ ਦੇ ਰਾਹੀਂ ਬਚਾਏ ਗਏ" (ਅਫ਼ਸੀਆਂ 2:8)। ਨਿਹਚਾ ਇਕ ਕਿਰਿਆਸ਼ੀਲ ਭਾਵਨਾ ਹੈ। ਨਵੇਂ ਨੇਮ ਦੇ ਲੇਖਕਾਂ ਨੇ ਆਪਣੇ ਆਪ ਵਿਚ ਇਹ ਸਮਝਣ ਲਈ ਕੋਈ ਕਸ਼ਟ ਨਹੀਂ ਦਿੱਤਾ ਕਿ ਇਹ ਕਿਵੇਂ ਹੋ ਸਕਦਾ ਹੈ ਕਿ ਪੂਰੀ ਤਰ੍ਹਾਂ ਭਰਿਸ਼ਟ ਮਨੁੱਖ ਮਸੀਹ ਵਿਚ ਵਿਸ਼ਵਾਸ ਕਰਨ ਦਾ ਨੇਕ ਕੰਮ ਕਿਵੇਂ ਕਰ ਸਕਦਾ ਹੈ। ਇਕ ਵਾਰ ਇਨਸਾਨ ਭਰਿਸ਼ਟਤਾ ਨਾਲ ਭਰੇ ਇਕ ਡੱਬੇ ਵਿਚ ਬੰਦ ਹੋ ਜਾਂਦੇ ਹਨ, ਵਿਸ਼ਵਾਸ ਇਕ

ਸਮੱਸਿਆ ਹੁੰਦੀ ਹੈ। ਨਵੇਂ ਨੇਮ ਵਿਚ ਲੋਕ ਵਿਸ਼ਵਾਸ ਕਰਦੇ ਹਨ ਕਿਉਂਕਿ ਉਨ੍ਹਾਂ ਕੋਲ ਵਿਸ਼ਵਾਸ ਕਰਨ ਦੇ ਚੰਗੇ ਕਾਰਣ ਹਨ: (1) ਯਿਸੂ ਨੂੰ ਮੁਰਦਿਆਂ ਵਿੱਚੋਂ ਜੀ ਉੱਠਣ ਦੇ ਕਾਰਨ ਮਸੀਹ ਘੋਸ਼ਿਤ ਕੀਤਾ ਗਿਆ (ਰੋਮੀਆਂ 1:4)। (2) ਯਿਸੂ ਦੇ ਜੀਵਨ, ਮੌਤ ਅਤੇ ਜੀ ਉੱਠਣ ਦੇ ਚਸ਼ਮਦੀਦ ਗਵਾਹਾਂ ਨੂੰ ਰੱਦ ਕਰਨਾ ਮੁਸ਼ਕਲ ਸੀ (ਯੂਹੰਨਾ 21:24)। (3) ਪਵਿੱਤਰ ਆਤਮਾ ਨੇ ਵਿਸ਼ਵਾਸੀਆਂ ਦੇ ਜੀਵਨਾਂ ਵਿਚ ਕੰਮ ਕੀਤਾ (ਗਲਾਤੀਆਂ 3:2; 4:6)।

ਨਿਹਚਾ ਦੇ ਨਤੀਜੇ ਵਜੋਂ, ਸਾਰੇ ਵਿਅਕਤੀ ਜਿਹੜੇ ਬਚਾਏ ਗਏ ਹਨ, ਉਨ੍ਹਾਂ ਦੀਆਂ "ਜਾਨਾਂ" ਨੂੰ ਸਦੀਪਕ ਜੀਵਨ ਦੀ ਮਹਿਮਾ ਪਰਾਪਤ ਹੋਵੇਗੀ ਜੋ ਕਿ ਸਦੀਪਕ ਕਾਲ ਵਿਚ ਹੈ ਅਤੇ ਹਾਲੇ ਪਰਗਟ ਹੋਣ ਵਾਲੀ ਹੈ। ਜਾਨ ਨੂੰ ਵਿਅਕਤੀ ਦੇ ਜਿਸਮਾਨੀ ਵਜੂਦ ਦੇ ਇਕ ਅੱਡ ਹਿੱਸੇ ਵਜੋਂ ਨਹੀਂ ਸਮਝਿਆ ਜਾਣਾ ਚਾਹੀਦਾ। ਇਹ ਸਮੁੱਚਾ ਵਿਅਕਤੀ ਹੈ ਜੋ ਬਚਾਇਆ ਗਿਆ ਹੈ।

## ਨਬੀਆਂ ਰਾਹੀਂ ਸੇਵਾ ਟਹਿਲ ਕੀਤੀ ਗਈ (1:10-12)

**10ਇਸੇ ਮੁਕਤੀ ਦੇ ਵਿਖੇ ਉਨ੍ਹਾਂ ਨਬੀਆਂ ਨੇ ਵੱਡੀ ਭਾਲ ਅਤੇ ਖੋਜ ਵਿਚਾਰ ਕੀਤੀ ਜਿਨ੍ਹਾਂ ਉਸ ਕਿਰਪਾ ਦੇ ਵਿਖੇ ਜੋ ਤੁਹਾਡੇ ਉੱਤੇ ਹੋਣ ਵਾਲੀ ਸੀ ਅਗੰਮ ਵਾਕ ਕੀਤਾ। 11ਅਤੇ ਓਹ ਇਹ ਖੋਜ ਵਿਚਾਰ ਕਰਦੇ ਸਨ ਭਈ ਮਸੀਹ ਦਾ ਆਤਮਾ ਜਿਹੜਾ ਉਨ੍ਹਾਂ ਵਿੱਚ ਸੀ ਜਦ ਮਸੀਹ ਦਿਆਂ ਦੁਖਾਂ ਦੇ ਅਤੇ ਉਨ੍ਹਾਂ ਦੇ ਪਿੱਛੋਂ ਦੀ ਮਹਿਮਾ ਦੇ ਵਿਖੇ ਅੱਗੋਂ ਹੀ ਸਾਖੀ ਦਿੰਦਾ ਸੀ ਤਦ ਉਹ ਕਿਹੜੇ ਅਥਵਾ ਕਿਹੋ ਜਿਹੇ ਸਮੇਂ ਦਾ ਪਤਾ ਦਿੰਦਾ ਸੀ। 12ਸੋ ਉਨ੍ਹਾਂ ਉੱਤੇ ਇਹ ਪਰਗਟ ਕੀਤਾ ਗਿਆ ਭਈ ਓਹ ਆਪਣੀ ਨਹੀਂ ਸਗੋਂ ਤੁਹਾਡੀ ਸੇਵਾ ਲਈ ਓਹ ਗੱਲਾਂ ਆਖਦੇ ਸਨ ਜਿਨ੍ਹਾਂ ਦੀ ਖਬਰ ਹੁਣ ਤੁਹਾਨੂੰ ਉਨ੍ਹਾਂ ਦੇ ਰਾਹੀਂ ਮਿਲੀ ਜਿਨ੍ਹਾਂ ਪਵਿੱਤਰ ਆਤਮਾ ਨਾਲ ਜੋ ਸੁਰਗੋਂ ਘੱਲਿਆ ਗਿਆ ਤੁਹਾਨੂੰ ਖੁਸ਼ ਖਬਰੀ ਸੁਣਾਈ ਅਤੇ ਦੂਤ ਵੱਡੀ ਚਾਹ ਨਾਲ ਇਨ੍ਹਾਂ ਗੱਲਾਂ ਨੂੰ ਮਲੂਮ ਕਰਨਾ ਚਾਹੁੰਦੇ ਸਨ।**

ਪਤਰਸ ਚਾਹੁੰਦਾ ਸੀ ਕਿ ਉਸ ਦੇ ਪਾਠਕ ਇਹ ਜਾਣ ਲੈਣ ਕਿ ਉਹ ਦੁਖ ਝੱਲ ਰਹੇ ਸਨ ਅਤੇ ਮੁਕਤੀ ਜਿਸ ਦਾ ਉਹ ਅਨੰਦ ਮਾਣ ਰਹੇ ਸਨ ਪਰਮੇਸ਼ੁਰ ਨੂੰ ਪਿੱਛੋਂ ਸੁੱਝੀ ਗੱਲ ਨਹੀਂ ਸੀ। ਭਾਵੇਂ ਉਹ ਇਸ ਗੱਲ ਤੋਂ ਜਾਣੂ ਸਨ ਜਾਂ ਨਹੀਂ, ਪਰਮੇਸ਼ੁਰ ਇਤਹਾਸਕ ਘਟਨਾਵਾਂ ਦੀ ਦਿਸ਼ਾ ਵਿਚ ਆਪਣੀ ਇੱਛਾ ਨੂੰ ਪੂਰਾ ਕਰ ਰਿਹਾ ਸੀ।

**ਆਇਤਾਂ 10-12.** ਖੁਸ਼ਖ਼ਬਰੀ ਸੰਦੇਸ਼ ਵਿਚ ਇਕ ਮਹੱਤਵਪੂਰਣ ਤੱਤ ਇਹ ਹੈ ਕਿ ਯਿਸੂ ਪਰਮੇਸ਼ੁਰ ਦੇ ਉਦੇਸ਼ਾਂ ਅਤੇ ਉਸ ਦੇ ਵਾਅਦਿਆਂ ਦੀ ਪੂਰਤੀ ਹੈ। ਯਿਸੂ ਅਤੇ ਹੋਰਨਾਂ ਨੇ ਬਾਰ-ਬਾਰ ਨਬੀਆਂ ਨੂੰ ਅਪੀਲ ਕੀਤੀ ਸੀ। ਪੁਰਾਣੇ ਨੇਮ ਵਿਚ ਨਬੀਆਂ ਨੇ ਮਸੀਹਾ ਦੇ ਆਉਣ ਬਾਰੇ ਜੋ ਕਿਹਾ ਸੀ ਉਹ ਯਿਸੂ ਦੇ ਵਿਅਕਤਿਤਵ ਅਤੇ ਉਸ ਦੀ ਬਣਾਈ ਹੋਈ ਕਲੀਸੀਆ ਵਿਚ ਪੂਰਾ ਹੋਇਆ ਸੀ। ਅਸੀਂ ਸ਼ਾਇਦ ਜਿਸ ਚੀਜ਼ ਨੂੰ ਅਣਡਿੱਠਾ ਕਰ ਸਕਦੇ ਹਾਂ ਉਹ ਇਹ ਹੈ ਕਿ ਨਬੀ ਪੁਰਾਣੇ ਨੇਮ ਲਈ ਦਿੱਤੇ ਗਏ ਸਨ। ਸਮਕਾਲੀਨ ਨਬੀਆਂ ਨੇ ਪਹਿਲੀ ਸਦੀ ਦੀ ਕਲੀਸੀਆ ਵਿਚ ਇਕ ਮਹੱਤਵਪੂਰਣ ਭੂਮਿਕਾ ਨਿਭਾਈ ਸੀ। ਜਦੋਂ ਪੌਲੁਸ ਨੇ ਲਿਖਿਆ ਕਿ ਕਲੀਸੀਆ "ਰਸੂਲਾਂ ਅਤੇ ਨਬੀਆਂ ਦੀ ਨੀਂਹ ਉੱਤੇ ਬਣਾਈ ਗਈ" ਸੀ (ਅਫ਼ਸੀਆਂ 2:20) ਜਾਂ ਮਸੀਹ ਦਾ ਭੇਤ "ਰਸੂਲਾਂ ਅਤੇ ਨਬੀਆਂ ਉੱਤੇ ਆਤਮਾ ਨਾਲ ਪਰਕਾਸ਼ ਕੀਤਾ ਗਿਆ" (ਅਫ਼ਸੀਆਂ 3:5) ਜਾਂ "ਉਹ ਨੇ ਕਈਆਂ ਨੂੰ ਰਸੂਲ ਅਤੇ ਕਈਆਂ ਨੂੰ ਨਬੀ ਕਰਕੇ ਦੇ ਦਿੱਤਾ" (ਅਫ਼ਸੀਆਂ 4:11),

ਇਹ ਸਪੱਸ਼ਟ ਹੈ ਕਿ ਉਸ ਦੇ ਮਨ ਵਿਚ ਨਵੇਂ ਨੇਮ ਦੇ ਨਬੀ ਸਨ। ਆਤਮਾ ਦੀਆਂ ਦਾਤਾਂ ਤੇ ਚਰਚਾ ਕਰਦਿਆਂ, ਪੌਲੁਸ ਨੇ ਲਿਖਿਆ, "ਅਤੇ ਕਲੀਸੀਆ ਵਿੱਚ ਪਰਮੇਸ਼ੁਰ ਨੇ ਕਈਆਂ ਨੂੰ ਥਾਪਿਆ ਹੋਇਆ ਹੈ, ਪਹਿਲਾਂ ਰਸੂਲਾਂ ਨੂੰ, ਦੂਜੇ ਨਬੀਆਂ ਨੂੰ . . ." (1 ਕੁਰਿੰਥੀਆਂ 12:28)। ਸਾਡਾ ਵਿਸ਼ੇਸ਼ ਵਿਅਕਤੀਆਂ ਨਾਲ ਟਾਕਰਾ ਹੁੰਦਾ ਹੈ ਜਿਨ੍ਹਾਂ ਨੂੰ ਨਬੀ ਕਿਹਾ ਜਾਂਦਾ ਹੈ, ਜਿਨ੍ਹਾਂ ਵਿਚ ਸ਼ਾਮਲ ਹਨ ਆਗਬੁਸ, ਯਹੂਦਾ ਅਤੇ ਸੀਲਾਸ (ਰਸੂਲਾਂ ਦੇ ਕਰਤੱਬ 11:27, 28; 15:32)। ਜਦੋਂ ਯੂਹੰਨਾ ਨੇ ਮਸੀਹੀ ਲੋਕਾਂ ਨੂੰ ਝੂਠੇ ਨਬੀਆਂ ਬਾਰੇ ਚਿਤਾਵਨੀ ਦਿੱਤੀ (1 ਯੂਹੰਨਾ 4:1), ਉਲਝਣ ਇਹ ਸੀ ਕਿ ਕਲੀਸੀਆ ਸੱਚੇ ਨਬੀਆਂ ਤੋਂ ਜਾਣੂ ਸੀ।

ਸਾਨੂੰ ਛੇਤੀ ਨਾਲ ਇਹ ਕਲਪਨਾ ਨਹੀਂ ਕਰਨੀ ਚਾਹੀਦੀ ਕਿ ਪਤਰਸ ਦੇ ਮਨ ਵਿਚ ਜੋ **ਨਬੀ** ਸਨ ਪੁਰਾਣੇ ਨੇਮ ਦੇ ਨਬੀ ਹਨ। ਸੈਲਵਿਨ ਨੇ ਪੂਰੇ ਨਿਸਚੇ ਨਾਲ ਦਲੀਲ ਦਿੱਤੀ ਹੈ ਕਿ ਜੋ ਨਬੀ ਵਿਚਾਰ ਅਧੀਨ ਸਨ ਮਸੀਹੀ ਨਬੀ ਸਨ।[15] ਸ਼ਾਇਦ ਉਹ **ਨਬੀ ਜਿਨ੍ਹਾਂ ਉਸ ਕਿਰਪਾ ਦੇ ਵਿਖੇ ਜੋ ਤੁਹਾਡੇ ਉੱਤੇ ਹੋਣ ਵਾਲੀ ਸੀ ਅਗੰਮ ਵਾਕ ਕੀਤਾ** (1:10) ਉਨ੍ਹਾਂ ਵਿੱਚੋਂ ਸਨ ਜਿਨ੍ਹਾਂ **ਤੁਹਾਨੂੰ ਖੁਸ਼ ਖਬਰੀ ਸੁਣਾਈ** (1:12)। ਕਿਉਂਕਿ 10 ਆਇਤ ਦੀ ਵਿਆਖਿਆ ਜ਼ਿਆਦਾਤਰ ਉਸ ਉੱਤੇ ਨਿਰਭਰ ਕਰਦੀ ਹੈ ਜਿਨ੍ਹਾਂ ਨੂੰ ਪਾਠਕ ਨਬੀ ਸਮਝਦੇ ਹਨ, ਸੈਲਵਿਨ ਦੀਆਂ ਦਲੀਲਾਂ ਨੂੰ ਮੁੜ ਦੁਹਰਾਉਣ ਵਿਚ ਸਮਾਂ ਬਿਤਾਉਣਾ ਯੋਗ ਹੋਵੇਗਾ।

ਪਹਿਲਾ, ਅਸੀਂ ਗੌਰ ਨਾਲ ਵੇਖਦੇ ਹਾਂ ਕਿ ਜਦੋਂ NASB ਬਾਈਬਲ ਨੇ ਆਪਣੇ ਅਨੁਵਾਦ ਵਿਚ **ਆਵੇਗਾ** ਸ਼ਬਦਾਂ ਨੂੰ ਜੋੜਿਆ, ਹਾਲਾਂਕਿ ਇਸ ਦੇ ਅਨੁਵਾਦ ਵਿਚ ਇਹ ਸ਼ਬਦ ਟੇਢੇ ਲਿਖੇ ਹੋਏ ਹਨ, ਇਹ ਬੇਲੋੜੀ ਵਿਆਖਿਆ ਕਰਦੀ ਹੈ। ਉਹ ਯੂਨਾਨੀ ਵਿਚ ਨਹੀਂ ਹਨ। ਜਿੰਨਾ ਜ਼ਿਆਦਾ ਹੋ ਸਕੇ ਜਥਾਰਥ ਰੂਪ ਵਿਚ ਅਨੁਵਾਦ ਕੀਤਾ ਗਿਆ ਹੈ, 1 ਪਤਰਸ 1:10 ਵਿਚ ਅਸੀਂ ਪੜ੍ਹਦੇ ਹਾਂ, "ਇਸੇ ਮੁਕਤੀ ਦੇ ਵਿਖੇ ਉਨ੍ਹਾਂ ਨਬੀਆਂ ਨੇ ਵੱਡੀ ਭਾਲ ਅਤੇ ਖੋਜ ਵਿਚਾਰ ਕੀਤੀ ਜਿਨ੍ਹਾਂ ਉਸ ਕਿਰਪਾ ਦੇ ਵਿਖੇ ਜੋ ਤੁਹਾਡੇ ਉੱਤੇ ਹੋਣ ਵਾਲੀ ਸੀ ਅਗੰਮ ਵਾਕ ਕੀਤਾ।" ਨਵਾਂ ਨੇਮ ਬਾਰ-ਬਾਰ ਪੁਰਾਣੇ ਨੇਮ ਦੇ ਨਬੀਆਂ ਦਾ ਜ਼ਿਕਰ ਕਰਦਾ ਹੈ ਜਿਨ੍ਹਾਂ ਨੇ ਯਿਸੂ ਅਤੇ ਉਸ ਦੀ ਕਲੀਸੀਆ ਬਾਰੇ ਗੱਲ ਕੀਤੀ ਸੀ, ਪਰ ਇਸ ਦੀ ਉਮੀਦ ਨਹੀਂ ਸੀ ਕੀਤੀ ਗਈ ਕਿ ਪਤਰਸ ਕਹੇਗਾ ਕਿ ਪੁਰਾਣੇ ਨੇਮ ਦੇ **ਨਬੀਆਂ ਨੇ ਵੱਡੀ ਭਾਲ ਅਤੇ ਖੋਜ ਵਿਚਾਰ ਕੀਤੀ**।

ਨਬੀਆਂ ਨੇ ਕਾਹਦੀ ਭਾਲ ਅਤੇ ਖੋਜ ਵਿਚਾਰ ਕੀਤੀ? ਕੀ ਪਤਰਸ ਦਾ ਇਹ ਅਰਥ ਸੀ ਕਿ ਉਨ੍ਹਾਂ ਨੇ ਲਿਖਤੀ ਸਰੋਤਾਂ ਤੋਂ ਸੰਦੇਸ਼ ਦੀ ਭਾਲ ਕੀਤੀ? ਸ਼ਾਇਦ ਸ਼ਬਦ ਇਸ ਗੱਲ ਦੀ ਮੰਗ ਨਹੀਂ ਕਰਦੇ ਕਿ ਲਿਖਤੀ ਸਰੋਤ ਨਬੀਆਂ ਦੀ ਭਾਲ ਦਾ ਪਾਤਰ ਹੋਣ, ਪਰ ਉਨ੍ਹਾਂ ਨੂੰ ਉਸ ਤਰੀਕੇ ਨਾਲ ਲੈਣਾ ਸੁਭਾਵਕ ਹੈ। ਇਹ ਸਵਾਲ ਖੜ੍ਹਾ ਕਰਦਾ ਹੈ ਕਿਉਂਕਿ ਲਿਖਤੀ ਜਾਂ ਜ਼ਬਾਨੀ ਸਰੋਤਾਂ ਦੀ ਭਾਲ ਉਹ ਨਹੀਂ ਪ੍ਰਤੀਤ ਹੁੰਦੀ ਜੋ ਪੁਰਾਣੇ ਨੇਮ ਦੇ ਨਬੀਆਂ ਨੇ ਕੀਤਾ ਸੀ। ਪੌਲੁਸ ਵਾਂਗ (ਗਲਾਤੀਆਂ 1:1), ਉਨ੍ਹਾਂ ਨੇ ਦਾਅਵਾ ਕੀਤਾ ਕਿ ਉਨ੍ਹਾਂ ਨੂੰ ਉਨ੍ਹਾਂ ਦੇ ਸੰਦੇਸ਼ ਸਿੱਧੇ ਪ੍ਰਭੂ ਦੇ ਵੱਲੋਂ ਮਿਲੇ ਸਨ (ਵੇਖੋ ਆਮੋਸ 7:14, 15)। ਜੇਕਰ ਪੁਰਾਣੇ ਨੇਮ ਦੇ ਨਬੀਆਂ ਨੂੰ ਆਪਣੇ ਸੰਦੇਸ਼ ਆਰੰਭਕ ਲਿਖਤੀ ਸਰੋਤਾਂ ਤੋਂ ਨਹੀਂ ਸੀ ਮਿਲੇ, ਤਾਂ ਕੋਈ ਵੀ ਅਸਾਨੀ ਨਾਲ ਨਵੇਂ ਨੇਮ ਦੇ ਸਮੇਂ ਵਿਚ ਨਬੀਆਂ ਦੇ ਲਿਖਤ ਵਿਚ ਮਸੀਹ, ਕਲੀਸੀਆ ਅਤੇ ਹਾਲਾਤ ਜਿਨ੍ਹਾਂ ਵਿਚ ਕਲੀਸੀਆ ਨੂੰ ਜੀਉਣਾ ਚਾਹੀਦਾ ਹੈ ਭਾਲ ਕਰਨ ਦੀ ਕਲਪਨਾ ਕਰ ਸਕਦਾ ਹੈ। ਉਦਾਹਰਣ ਦੇ ਲਈ, ਪੌਲੁਸ ਨੇ ਥੱਸਲੁਨੀਕੇ ਦੇ ਸਮਾਜ ਵਿਚ ਪਵਿੱਤਰ ਵਚਨਾਂ ਵਿੱਚੋਂ "ਅਰਥ ਖੋਲ੍ਹ ਕੇ ਬਿਆਨ ਕਰਦਿਆਂ ਅਤੇ ਇਹ ਸਬੂਤ ਦਿੰਦਿਆਂ ਕਿ ਮਸੀਹ ਨੂੰ ਦੁਖ ਭੋਗਣਾ ਪੈਣਾ ਸੀ" (ਰਸੂਲਾਂ ਦੇ ਕਰਤੱਬ 17:1, 2) ਦਲੀਲ ਦਿੱਤੀ।

ਇਸ ਤੋਂ ਇਲਾਵਾ, ਪਤਰਸ ਨੇ ਲਿਖਿਆ ਕਿ ਇਹ **ਮਸੀਹ ਦਾ ਆਤਮਾ ਸੀ ਜਿਹੜਾ ਉਨ੍ਹਾਂ ਵਿੱਚ ਸੀ** ਜਿਸ ਨੇ ਨਬੀਆਂ ਦੇ ਕੰਮ ਦਾ ਮਾਰਗ-ਦਰਸ਼ਨ ਕੀਤਾ। ਜੇਕਰ ਪੁਰਾਣੇ ਨੇਮ ਦੇ ਨਬੀ ਵਿਚਾਰ ਅਧੀਨ ਹਨ, ਤਾਂ ਕੋਈ ਵੀ ਪਤਰਸ ਕੋਲੋਂ ਇਹ ਲਿਖਣ ਦੀ ਉਮੀਦ ਕਰੇਗਾ ਕਿ ਪਰਮੇਸ਼ੁਰ ਦਾ ਆਤਮਾ ਉਨ੍ਹਾਂ ਵਿਚ ਸੀ ਜਾਂ ਸਗੋਂ ਇਹ ਕਿ ਪਵਿੱਤਰ ਆਤਮਾ ਉਨ੍ਹਾਂ ਵਿਚ ਸੀ। ਇਹ ਉਮੀਦ ਨਹੀਂ ਕੀਤੀ ਜਾਂਦੀ ਕਿ ਰਸੂਲ ਨੂੰ ਇਹ ਕਹਿਣਾ ਚਾਹੀਦਾ ਹੈ ਕਿ ਮਸੀਹ ਦਾ ਆਤਮਾ ਪੁਰਾਣੇ ਨੇਮ ਦੇ ਨਬੀਆਂ ਵਿਚ ਕੰਮ ਕਰ ਰਿਹਾ ਸੀ। ਬੇਸ਼ੱਕ, ਇਹ ਅਸੰਭਵ ਨਹੀਂ ਹੈ; ਪਰ ਨਵੇਂ ਨੇਮ ਵਿਚ ਪੁਰਾਣੇ ਨੇਮ ਦੇ ਨਬੀਆਂ ਦੇ ਕੰਮ ਨੂੰ ਮਸੀਹ ਦੇ ਆਤਮਾ ਦੇ ਮੱਥੇ ਮੜਨਾ ਨਵੇਕਲਾ ਹੈ। ਦੂਜੇ ਪਾਸੇ, ਕੋਈ ਵੀ ਵਿਅਕਤੀ ਪਤਰਸ ਕੋਲੋਂ ਨਵੇਂ ਨੇਮ ਦੇ ਸਮੇਂ ਦੇ ਨਬੀਆਂ ਦੇ ਕੰਮ ਨੂੰ "ਮਸੀਹ ਦਾ ਆਤਮਾ ਜਿਹੜਾ ਉਨ੍ਹਾਂ ਵਿੱਚ ਸੀ" ਮੱਥੇ ਮੜਦਾ ਹੈ।

ਪਹਿਲਾ ਪਤਰਸ 1:11 ਵਿਚ ਇਕ ਅਜਿਹਾ ਵਾਕ ਹੈ ਜਿਸ ਦੀ ਯੂਨਾਨੀ ਭਾਸ਼ਾ ਵਿਚ ਵਿਆਖਿਆ ਕਰਨੀ ਮੁਸ਼ਕਲ ਹੈ ਅਤੇ ਇਸ ਲਈ ਇਸ ਦਾ ਅਨੁਵਾਦ ਕਰਨਾ ਵੀ ਮੁਸ਼ਕਲ ਹੈ। ਇਸ ਸਮੱਸਿਆ ਤੇ ਜ਼ਿਆਦਾ ਵੇਰਵੇ ਨਾਲ ਚਰਚਾ ਸਫ਼ੇ 53 ਅਤੇ 54 ਤੇ ਕੀਤੀ ਗਈ ਹੈ, ਪਰ ਫਿਲਹਾਲ ਧਿਆਨ ਦਿਓ ਕਿ ਜਿੱਥੇ NASB ਬਾਈਬਲ ਅਨੁਵਾਦ ਵਿਚ ਇਸ ਤਰ੍ਹਾਂ ਲਿਖਿਆ ਹੈ ਕਿ ਉਹ ਕਿਹੜੇ ਅਥਵਾ ਕਿਹੋ ਜਿਹੇ ਸਮੇਂ ਦਾ ਪਤਾ ਦਿੰਦਾ ਸੀ, NIV ਬਾਈਬਲ ਅਨੁਵਾਦ ਵਿਚ ਇਸ ਤਰ੍ਹਾਂ ਹੈ "ਸਮੇਂ ਅਤੇ ਹਾਲਾਤਾਂ ਨੂੰ ਭਾਲਣ ਦੀ ਕੋਸ਼ਿਸ਼ ਕਰ ਰਿਹਾ ਹੈ।" ਜ਼ਰੂਰੀ ਨਹੀਂ ਹੈ ਕਿ ਇਸ ਵਾਕ ਦਾ ਅਰਥ ਇਹ ਹੈ ਕਿ ਨਬੀ ਕਿਸੇ ਵਿਅਕਤੀ ਅਰਥਾਤ ਯਿਸੂ ਮਸੀਹ ਬਾਰੇ ਖੋਜ ਵਿਚਾਰ ਕਰ ਰਹੇ ਸਨ। ਸ਼ਾਇਦ ਉਹ "ਸਮੇਂ ਅਤੇ ਹਾਲਾਤਾਂ" ਦੀ ਭਾਲ ਕਰ ਰਹੇ ਸਨ ਜਿਸ ਦਾ ਨਤੀਜਾ ਆਰੰਭਕ ਵਿਸ਼ਵਾਸੀਆਂ ਦਾ ਮਸੀਹੀ ਅਨੁਭਵ ਨਿੱਕਲਿਆ ਸੀ।

ਪਤਰਸ ਨੇ ਕਿਹਾ ਕਿ ਆਤਮਾ ਜਿਸ ਵਿਚ ਨਬੀਆਂ ਨੇ **ਮਸੀਹ ਦਿਆਂ ਦੁਖਾਂ ਦਾ ਅਗੰਮ ਵਾਕ ਕੀਤਾ ਸੀ**, ਜੋ ਕਿ ਮਸਲੇ ਨੂੰ ਹੱਲ ਕਰਦਾ ਪ੍ਰਤੀਤ ਹੁੰਦਾ ਹੈ। ਜੇਕਰ ਨਬੀਆਂ ਨੇ ਮਸੀਹ ਦਿਆਂ ਦੁਖਾਂ ਦਾ ਅਗੰਮ ਵਾਕ ਕੀਤਾ ਸੀ, ਤਾਂ ਪੁਰਾਣੇ ਨੇਮ ਦੇ ਨਬੀਆਂ ਦੀ ਲੋੜ ਸੀ। ਫਿਰ ਵੀ, ਯੂਨਾਨੀ ਭਾਸ਼ਾ ਵਿਚ ਇਹ ਵਾਕ ਹੈ τὰ εἰς Χριστὸν παθήματα (*ਟਾ ਏਸ ਕਰਿਸਟੋਨ ਪਾਥੇਮਾਟਾ*)। ਜੇਕਰ ਇਹ ਹਵਾਲਾ ਮਸੀਹ ਦਿਆਂ ਦੁਖਾਂ ਦਾ ਹੈ, ਯੂਨਾਨੀ ਪਾਠਕ ਨੇ τὰ τοῦ Χριστοῦ παθῆματα (*ਟਾ ਟੋਉ ਕਰਿਸਟੋਉ ਪਾਥੇਮਾਟਾ*) ਜਾਂ ਇਹੋ ਜਿਹੇ ਵਾਕ ਦੀ ਹੀ ਉਮੀਦ ਕੀਤੀ ਹੋਵੇਗੀ। ਇਹੋ ਸ਼ਬਦ ਹਨ ਜੋ ਪਤਰਸ ਨੇ, ਅਸਲ ਵਿਚ, 4:13 ਅਤੇ 5:1 ਵਿਚ ਵਰਤੇ ਹਨ। *ਏਸ ਕਰਿਸਟੋਨ* ਸ਼ਬਦ ਇਹ ਇਸ਼ਾਰਾ ਕਰਨ ਲਈ ਕਿ "ਮਸੀਹ ਦੇ" ਦੁਖ ਇਕ ਅਸਧਾਰਣ ਮੁੱਦਾ ਹੋਵੇਗਾ। "ਮਸੀਹ ਲਈ" ਉਮੀਦ ਕੀਤਾ ਹੋਇਆ ਅਨੁਵਾਦ, ਜਿਵੇਂ ਕਿ ਰਸੂਲਾਂ ਦੇ ਕਰਤੱਬ 2:38 ਵਿਚ ਹੈ ਜਿੱਥੇ εἰς ἄφεσιν τῶν ἁμαρτιῶν (*ਏਸ ਅਫੇਸਿਨ ਟੋਨ ਹਮਾਰਤੀਓਨ*) "ਪਾਪਾਂ ਦੀ ਮਾਫ਼ੀ ਲਈ" ਦੇ ਬਰਾਬਰ ਹੈ। ਜਦੋਂ ਅਸੀਂ ਇਹ ਚੇਤੇ ਕਰਦੇ ਹਾਂ ਕਿ ਮਸੀਹੀ ਲੋਕਾਂ ਦੇ ਦੁਖ 1 ਪਤਰਸ ਦਾ ਇਕ ਮਹੱਤਵਪੂਰਣ ਹਿੱਸਾ ਹੈ, "ਮਸੀਹ ਲਈ [ਪਾਠਕਾਂ ਦੇ] ਦੁਖ ਪੱਤ੍ਰੀ ਦੇ ਵਿਸਤਰਤ ਸੰਦਰਭ ਵਿਚ ਬਹੁਤ ਹੀ ਢੁਕਵੇਂ ਬੈਠਦੇ ਹਨ। ਇਹ ਸੰਭਾਵਨਾ ਕਿ ਨਵੇਂ ਨੇਮ ਦੇ ਨਬੀਆਂ ਨੇ "ਮਸੀਹ ਲਈ" ਵਿਸ਼ਵਾਸੀਆਂ ਦੇ ਦੁਖ ਦੇ ਸਮੇਂ ਅਤੇ ਹਾਲਾਤਾਂ ਬਾਰੇ ਅਗੰਮ ਵਾਕ ਕਰਨ ਦੇ ਲਈ ਪੁਰਾਣੇ ਨੇਮ ਅਤੇ ਯਿਸੂ ਦੇ ਸ਼ਬਦਾਂ ਦੋਹਾਂ ਦੀ ਭਾਲ ਅਤੇ ਖੋਜ ਵਿਚਾਰ ਕੀਤੀ ਨਾ ਸਿਰਫ ਤਰਕਸ਼ੀਲ ਹੈ, ਇਹ ਸੰਭਵ ਵੀ ਹੈ।

ਪਤਰਸ ਨੇ ਕਿਹਾ ਕਿ ਨਬੀਆਂ ਨੇ ਮਸੀਹ ਦਿਆਂ ਦੁਖਾਂ ਅਤੇ **ਉਨ੍ਹਾਂ ਦੀ ਪਿੱਛੋਂ ਦੀ ਮਹਿਮਾ** ਦੋਹਾਂ ਦੇ ਵਿਖੇ ਅੱਗੋਂ ਹੀ ਸਾਖੀ ਦਿੱਤੀ। NASB ਅਤੇ NIV ਬਾਈਬਲ ਇਸ ਦਾ ਜਥਾਰਥ ਰੂਪ

ਵਿਚ ਅਨੁਵਾਦ ਕਰਦੀ ਹੈ। ਅਨੁਵਾਦ ਕੀਤਾ ਗਿਆ ਯੂਨਾਨੀ ਨਾਂਵ "ਮਹਿਮਾ" ਬਹੁਵਚਨ ਹੈ। ਜੇਕਰ ਇਹ ਹਵਾਲਾ ਉਹ ਮਹਿਮਾ ਦਾ ਹੈ ਜੋ ਪਰਮੇਸ਼ੁਰ ਨੇ ਯਿਸੂ ਦੇ ਜੀ ਉੱਠਣ ਜਾਂ ਯਿਸੂ ਦੇ ਸੁਰਗ ਨੂੰ ਉਠਾ ਲਏ ਜਾਣ ਤੇ ਉਸ ਨੂੰ ਦਿੱਤੀ ਸੀ, ਤਾਂ ਇਹ ਅਜੀਬ ਹੈ ਕਿ ਪਤਰਸ ਨੂੰ ਬਹੁਵਚਨ ਇਸਤੇਮਾਲ ਕਰਨਾ ਚਾਹੀਦਾ ਹੈ। ਦੂਜੇ ਪਾਸੇ, ਜੇਕਰ ਰਸੂਲ ਵਿਸ਼ਵਾਸੀਆਂ ਦੇ ਅਨੰਦ ਦਾ ਵਰਣਨ ਤੋਂ ਬਾਹਰ ਵਜੋਂ ਹਵਾਲਾ ਦਿੰਦਾ ਹੈ, ਤਾਂ ਉਹ ਅਨੰਦ "ਤੇਜ ਨਾਲ ਭਰਪੂਰ" (1 ਪਤਰਸ 1:8), ਮਸੀਹੀ ਲੋਕਾਂ ਦਾ ਹੋਵੇਗਾ ਜਦੋਂ ਪ੍ਰਭੂ ਦੁਬਾਰਾ ਆਵੇਗਾ, ਬਹੁਵਚਨ ਹੀ ਹੈ ਜਿਸ ਦੀ ਅਸੀਂ ਉਮੀਦ ਕਰਦੇ ਹਾਂ। ਜ਼ਿਆਦਾਤਰ ਸੰਭਾਵਨਾ ਇਹ ਹੈ ਕਿ ਨਵੇਂ ਨੇਮ ਦੇ ਨਬੀਆਂ ਨੇ ਉਸ "ਮਹਿਮਾ" ਦੀ ਸਾਖੀ ਦਿੱਤੀ ਹੋਵੇਗੀ ਜੋ ਪੁਰਾਣੇ ਨੇਮ ਦੇ ਨਬੀਆਂ ਦੀ ਮਸੀਹ ਲਈ ਮਹਿਮਾ ਨਾਲੋਂ ਵੱਧ ਸਤਾਏ ਗਏ ਮਸੀਹੀ ਲੋਕਾਂ ਦੀ ਉਡੀਕ ਕਰ ਰਹੀ ਹੈ। ਉਨ੍ਹਾਂ ਨਬੀਆਂ ਬਾਰੇ, 1:10–12 ਦੇ ਵਿਸ਼ਿਆਂ ਨੂੰ, ਨਵੇਂ ਨੇਮ ਦੇ ਨਬੀਆਂ ਵਜੋਂ ਸੋਚਣਾ ਉੱਤਮ ਹੈ। ਉਸ ਤੋਂ ਬਾਅਦ ਜੋ ਵਿਆਖਿਆ ਆਉਂਦੀ ਹੈ ਉਸੇ ਆਧਾਰ ਤੇ ਅੱਗੇ ਵਧੇਗੀ।

1:10 ਵਿਚ **ਮੁਕਤੀ** ਸ਼ਬਦ ਪਿਛਲੀ ਆਇਤ ਤੋਂ ਅੱਗੇ ਲਿਆਂਦਾ ਗਿਆ ਹੈ। ਮਸੀਹੀ ਨਿਹਚਾ ਦਾ ਪਰਿਣਾਮ ਜਾਨਾਂ ਦੀ ਮੁਕਤੀ ਹੈ। ਅਸੀਂ ਨਵੇਂ ਨੇਮ ਦੇ ਨਬੀਆਂ ਦੇ ਕੰਮ ਬਾਰੇ ਬਹੁਤ ਥੋੜ੍ਹਾ ਜਾਣਦੇ ਹਾਂ। ਜੇਕਰ ਆਗਬੁਸ ਕੋਈ ਸੰਕੇਤ ਹੈ (ਰਸੂਲਾਂ ਦੇ ਕਰਤੱਬ 11:27, 28; 21:10, 11), ਅਗੰਮ ਵਾਕ ਨਵੇਂ ਨੇਮ ਦੇ ਨਬੀਆਂ ਦੇ ਕੰਮ ਵਿਚ ਪੁਰਾਣੇ ਨੇਮ ਦੇ ਨਬੀਆਂ ਦੇ ਕੰਮ ਨਾਲੋਂ ਜ਼ਿਆਦਾ ਮਹੱਤਵਪੂਰਣ ਤੱਤ ਹੈ।[16] ਇਹ ਵੀ ਧਿਆਨ ਦੇਣ ਯੋਗ ਹੈ ਕਿ ਜਦੋਂ ਆਗਬੁਸ ਸਾਹਮਣੇ ਆਇਆ, ਇਹ ਕਲੀਸੀਆ ਦੇ ਇਤਹਾਸ ਦੀ ਹਾਲੇ ਸ਼ੁਰੂਆਤ ਹੀ ਸੀ, ਸ਼ਾਇਦ ਪੰਤੇਕੁਸਤ ਤੋਂ ਬਾਅਦ ਪੰਦਰਾਂ ਸਾਲ ਤੋਂ ਵੀ ਘੱਟ ਸਮਾਂ ਹੋਇਆ ਸੀ। ਜਿਸ ਸਧਾਰਣ ਜਿਹੇ ਤਰੀਕੇ ਨਾਲ ਆਗਬੁਸ ਦੀ ਜਾਣ-ਪਛਾਣ ਕਰਾਈ ਗਈ ਹੈ ਉਸ ਤੋਂ ਇਹ ਸੁਝਾਅ ਮਿਲਦਾ ਹੈ ਕਿ ਕਲੀਸੀਆ ਜੀਵਨ ਵਿਚ ਨਬੀਆਂ ਦਾ ਪਹਿਲਾਂ ਤੋਂ ਹੀ ਕੋਈ ਮਹੱਤਵ ਨਹੀਂ ਸੀ ਸਮਝਿਆ ਜਾਂਦਾ। ਪਤਰਸ ਨੇ ਸੁਝਾਅ ਦਿੱਤਾ ਹੈ ਕਿ ਨਵੇਂ ਨੇਮ ਦੇ ਨਬੀਆਂ ਨੇ ਨਾ ਸਿਰਫ ਭਵਿੱਖ ਬਾਰੇ ਅਗੰਮ ਵਾਕ ਕੀਤਾ, ਪਰ ਜਿਵੇਂ-ਜਿਵੇਂ ਪਰਮੇਸ਼ੁਰ ਦੇ ਪਰਕਾਸ਼ ਦਾ ਭੇਤ ਖੁੱਲ੍ਹਦਾ ਗਿਆ ਕਲੀਸੀਆ ਦੀ ਕਾਰਜ ਪ੍ਰਣਾਲੀ ਤੇ ਜਾਣਕਾਰੀ ਪ੍ਰਾਪਤ ਕਰਨ ਲਈ ਪੁਰਾਣੇ ਨੇਮ ਅਤੇ ਯਿਸੂ ਦੇ ਸ਼ਬਦਾਂ ਦੀ ਵੀ ਬੜੇ ਧਿਆਨ ਨਾਲ ਖੋਜ ਕੀਤੀ। ਇਹ ਤਾਂ ਨਾ ਸੋਚਣਯੋਗ ਹੈ ਕਿ ਕਲੀਸੀਆ ਵਿਚ ਨਬੀਆਂ ਦੀ ਮੌਜੂਦਗੀ ਨੇ ਉਨ੍ਹਾਂ ਵਿਸ਼ਵਾਸੀਆਂ ਨੂੰ ਪ੍ਰੇਰਣਾ ਦਿੱਤੀ ਜਿਹੜੇ ਯਿਸੂ ਦੀਆਂ ਗੱਲਾਂ ਅਤੇ ਕੰਮਾਂ ਨੂੰ ਲਿਖਣਾ ਚਾਹੁੰਦੇ ਸਨ। ਨਬੀਆਂ ਵਿਚ ਸਾਡੇ ਕੋਲ ਇਸ ਗੱਲ ਦੀ ਵਿਆਖਿਆ ਹੈ ਕਿ ਕਿਵੇਂ ਅਤੇ ਕਿਉਂ ਕਲੀਸੀਆ ਨੇ ਇੰਜੀਲਾਂ ਪੈਦਾ ਕੀਤੀਆਂ।

ਲਿਖਤੀ ਅਤੇ ਜ਼ਬਾਨੀ ਸਰੋਤਾਂ ਵਿਚ ਉਨ੍ਹਾਂ ਦੀ ਖੋਜ ਤੇ ਅਧਾਰਿਤ, ਨਵੇਂ ਨੇਮ ਦੇ ਨਬੀਆਂ ਨੇ ਕਿਰਪਾ ਦੇ ਵਿਖੇ ਗੱਲ ਕੀਤੀ ਸੀ ਜੋ "ਤੁਹਾਡੇ ਉੱਤੇ ਹੋਣ ਵਾਲੀ ਸੀ" (1:10)। ਲੱਗਦਾ ਹੈ ਕਿ ਪਤਰਸ ਉੱਤਮ ਭਾਵ ਵਿਚ "ਕਿਰਪਾ" ਸ਼ਬਦ ਦੀ ਵਰਤੋਂ ਕਰਦਾ ਹੈ ਜਿਸ ਦਾ ਅਰਥ ਹੈ "ਕਿਰਪਾਲਤਾ" ਜਾਂ "ਆਕਰਸ਼ਣ।" ਕੈਲੀ ਨੇ ਲਿਖਿਆ ਹੈ ਕਿ "ਇਹ ਪਰਮੇਸ਼ੁਰ ਦੀ ਕਿਰਪਾ ਦਾ ਸਮੁੱਚਾ ਕੰਮ ਹੀ ਹੈ ਜਿਸ ਨਾਲ ਮੁਕਤੀ ਸੰਪੂਰਨ ਹੋਈ ਹੈ।"[17] ਕਿਰਪਾ ਜਿਸ ਦੇ ਬਾਰੇ ਨਬੀਆਂ ਨੇ ਅਗੰਮ ਵਾਕ ਕੀਤਾ ਸੀ "ਤੁਹਾਡੇ ਲਈ" (εἰς ὑμᾶς, *ਏਸ ਹੁਮਾਸ*) ਅਰਥਾਤ, ਪਤਰਸ ਦੇ ਪਾਠਕਾਂ ਲਈ ਸੀ। ਇਹ ਮਸੀਹੀ ਲੋਕ ਜ਼ਿਆਦਾਤਰ ਪਰਾਈ ਕੌਮ ਵਿੱਚੋਂ ਸਨ ਨਾ ਕਿ ਯਹੂਦੀ (1:14, 18 ਤੇ ਟਿੱਪਣੀਆਂ ਵੇਖੋ)।[18] ਰਸੂਲਾਂ ਦੇ ਕਰਤੱਬ ਅਤੇ ਗਲਾਤੀਆਂ ਇਸ ਗੱਲ ਨੂੰ ਸਪੱਸ਼ਟ ਕਰਦੀਆਂ ਹਨ ਕਿ ਆਰੰਭਕ ਕਲੀਸੀਆ ਨੇ ਪਰਾਈ ਕੌਮ ਦੇ ਸਵਾਲ ਤੇ ਬਹੁਤ ਜੱਦੋ-

ਜਹਿਦ ਕੀਤੀ ਸੀ (ਉਦਾਹਰਣ ਦੇ ਲਈ, ਰਸੂਲਾਂ ਦੇ ਕਰਤੱਬ 11:2, 3; 15:5; 21:20; ਗਲਾਤੀਆਂ 5:4)। ਕੀ ਪਰਾਈਆਂ ਕੌਮਾਂ ਨੂੰ ਮਸੀਹੀ ਬਣਨ ਦੇ ਲਈ ਮੂਸਾ ਦੀ ਸ਼ਰਾ ਦੀ ਪਾਲਣਾ ਕਰਨ ਦੀ ਜ਼ਰੂਰਤ ਸੀ? ਸ਼ਾਇਦ ਨਵੇਂ ਨੇਮ ਦੇ ਨਬੀਆਂ ਦਾ ਯਹੂਦੀ ਪਿਛੋਕੜ ਪੌਲੁਸ ਅਤੇ ਹੋਰਨਾਂ ਲੋਕਾਂ ਦਾ ਜਿਨ੍ਹਾਂ ਨੇ ਇਸ ਮੱਤ ਨੂੰ ਠੁਕਰਾ ਦਿੱਤਾ ਸੀ, ਸਮਰਥਨ ਕਰਨ ਲਈ ਮਹੱਤਵਪੂਰਣ ਸੀ। ਇਸ ਤਰ੍ਹਾਂ ਪ੍ਰਤੀਤ ਹੁੰਦਾ ਹੈ ਕਿ ਪਤਰਸ ਇਹ ਕਹਿ ਰਿਹਾ ਸੀ ਕਿ, ਆਰੰਭਕ ਮਿਤੀ ਤੋਂ, ਕਲੀਸੀਆ ਵਿਚ ਨਬੀਆਂ ਨੇ ਪਹਿਲਾਂ ਤੋਂ ਹੀ ਇਹ ਅਗੰਮ ਵਾਕ ਕਰ ਦਿੱਤਾ ਸੀ ਕਿ ਪਰਾਈਆਂ ਕੌਮਾਂ ਨੂੰ ਪਰਮੇਸ਼ੁਰ ਦੀ ਕਿਰਪਾ ਵਿਚ ਸਾਂਝੀ ਹੋਣਾ ਚਾਹੀਦਾ ਹੈ।

ਨਬੀਆਂ ਨੇ "ਜਾਣਨਾ ਚਾਹਿਆ ਕਿ ਉਨ੍ਹਾਂ ਵਿਚ ਮਸੀਹ ਦਾ ਆਤਮਾ ਕਿਹੜੇ ਵਿਅਕਤੀ ਜਾਂ ਸਮੇਂ ਵੱਲ ਇਸ਼ਾਰਾ ਕਰ ਰਿਹਾ ਸੀ।" ਜਿਵੇਂ ਕਿ ਸਫ਼ਾ 51 ਤੇ ਜ਼ਿਕਰ ਕੀਤਾ ਗਿਆ ਹੈ, ਜਿਸ ਤਰੀਕੇ ਨਾਲ ਉਹ ਆਇਤ 11 ਨੂੰ ਲਿਖਦੇ ਹਨ ਉਸ ਤਰੀਕੇ ਨਾਲ ਅਨੁਵਾਦ ਵੱਖ-ਵੱਖ ਹਨ। NIV ਬਾਈਬਲ ਵਿਚ "ਸਮੇਂ ਅਤੇ ਹਾਲਾਤਾਂ ਨੂੰ ਲੱਭਣ ਦੀ ਕੋਸ਼ਿਸ਼ ਕਰ ਰਹੇ ਹਨ" ਹੈ; KJV ਵਿਚ ਵੀ ਇਹੋ ਹੈ। ਮੁਸ਼ਕਲ ਵਾਕ ਹੈ εἰς τίνα ἢ ποῖον καιρὸν (*ਏਸ ਟੀਨਾ ਏ ਪੋਇਓਨ ਕੇਰੋਨ*)। ਪ੍ਰਸ਼ਨਵਾਚਕ ਪੜਨਾਂਵ ਟੀਨਾ ਸੁਤੰਤਰ ਰੂਪ ਨਾਲ ਇਕੱਲਾ ਹੀ ਖੜ੍ਹਾ ਹੈ, ਜਿਸ ਦਾ ਅਰਥ ਹੈ "ਕਿਹੜਾ ਵਿਅਕਤੀ," ਜਾਂ ਇਸ ਨੂੰ *ਪੋਇਓਨ ਕੇਰੋਨ* ਨਾਲ ਰਚਿਆ ਜਾ ਸਕਦਾ ਹੈ ਜਿਸ ਦਾ ਅਰਥ ਹੈ "ਕਿਹੜਾ ਜਾਂ ਕਿਹੜੀ ਕਿਸਮ ਦਾ ਸਮਾਂ।" ਪਹਿਲੇ ਭਾਵ ਵਿਚ ਸਮਝਿਆ ਜਾਵੇ ਤਾਂ ਸੁਝਾਅ ਇਹ ਹੈ ਕਿ ਨਵੇਂ ਨੇਮ ਦੇ ਨਬੀਆਂ ਨੇ ਇਕ ਇਹ ਖੋਜ ਵਿਚਾਰ ਕੀਤੀ ਕਿ ਮਸੀਹ ਲਈ ਮਸੀਹੀ ਲੋਕ ਕਿਸ ਸਮੇਂ ਦੁਖ ਉਠਾਉਣਗੇ ਅਤੇ ਇਹ ਕਿਨ੍ਹਾਂ ਹਾਲਾਤਾਂ ਵਿਚ ਹੋਵੇਗਾ। ਬਾਅਦ ਵਾਲੇ ਭਾਵ ਵਿਚ ਸਮਝਿਆ ਜਾਵੇ ਤਾਂ ਪੁਰਾਣੇ ਨੇਮ ਦੇ ਨਬੀਆਂ ਨੇ ਇਹ ਖੋਜ ਵਿਚਾਰ ਕੀਤੀ ਕਿ ਪਰਮੇਸ਼ੁਰ ਦਾ ਵਾਅਦਾ ਕੀਤਾ ਹੋਇਆ ਕੌਣ ਸੀ। ਵਿਆਕਰਣਾਤਮਕ ਤੌਰ ਤੇ, ਵਾਕ ਨੂੰ ਦੋਵਾਂ ਤਰੀਕਿਆਂ ਨਾਲ ਸਮਝਿਆ ਜਾ ਸਕਦਾ ਹੈ। ਦੋਵਾਂ ਹਾਲਾਤਾਂ ਵਿਚ, ਅਨੁਵਾਦ ਤੇ ਬਹਿਸ ਸੰਦਰਭ ਵਿੱਚੋਂ ਹੋਣੀ ਚਾਹੀਦੀ ਹੈ। ਸੰਦਰਭ ਇਹ ਦਲੀਲ ਦਿੰਦਾ ਹੈ ਨਵੇਂ ਨੇਮ ਦੇ ਨਬੀ ਪਤਰਸ ਦੇ ਪਾਤਰ ਹਨ। ਅਜਿਹੀ ਹਾਲਤ ਵਿਚ, NIV ਜਾਂ KJV ਬਾਈਬਲ ਦੇ ਅਨੁਵਾਦ ਨੂੰ ਤਰਜੀਹ ਮਿਲਨੀ ਚਾਹੀਦੀ ਹੈ। ਅਸੀਂ "ਮਸੀਹ ਦਿਆਂ ਦੁਖਾਂ ਦੇ ਅਤੇ ਉਨ੍ਹਾਂ ਦੇ ਪਿੱਛੋਂ ਦੀ ਮਹਿਮਾ ਦੇ ਵਿਖੇ ਅੱਗੋਂ ਹੀ ਸਾਖੀ ਦਿੰਦਾ ਸੀ" ਵਾਕ ਤੇ ਪਹਿਲਾਂ ਹੀ ਚਰਚਾ ਕਰ ਚੁੱਕੇ ਹਾਂ (51 ਅਤੇ 52 ਸਫ਼ੇ ਵੇਖੋ)। ਸਾਡਾ ਮੰਨਣਾ ਹੈ ਕਿ "ਮਸੀਹ ਦਾ ਦੁਖ" ਅਨੁਵਾਦ "ਮਸੀਹ ਦਿਆਂ ਦੁਖਾਂ" ਨਾਲੋਂ ਵਿਆਕਰਣ ਅਤੇ ਸੰਦਰਭ ਦਾ ਵਧੀਆ ਢੰਗ ਨਾਲ ਕੰਮ ਕਰਦਾ ਹੈ। ਇਕ ਵਾਰ ਜਦੋਂ ਅਸੀਂ "ਮਸੀਹ ਦਿਆਂ ਦੁਖਾਂ" ਅਨੁਵਾਦ ਅਪਨਾ ਲੈਂਦੇ ਹਾਂ, ਇਹ ਸਮਝਿਆ ਜਾਂਦਾ ਹੈ ਕਿ "ਮਹਿਮਾ" ਜੋ ਪਤਰਸ ਦੇ ਮਨ ਵਿਚ ਸੀ ਉਹ ਮਹਿਮਾ ਹੈ ਜਿਸ ਦਾ ਮਸੀਹੀ ਲੋਕ ਯੁੱਗ ਦੇ ਅੰਤ ਵਿਚ ਉਡੀਕ ਕਰਦੇ ਹਨ।

1:10–12 ਦੀ ਵਿਆਖਿਆ ਉਸ ਤਰੀਕੇ ਤੇ ਟਿਕੀ ਹੋਈ ਹੈ ਜਿਸ ਤਰੀਕੇ ਨਾਲ ਪਾਠਕ τὰ εἰς Χριστὸν παθήματα (*ਟਾ ਏਸ ਕਰਿਸਟੋਨ ਪਾਥੇਮਾਟਾ*) ਸ਼ਬਦਾਂ ਨੂੰ ਸਮਝਦੇ ਹਨ, ਫਿਰ ਭਾਵੇਂ ਉਹ "ਮਸੀਹ ਦਿਆਂ ਦੁਖਾਂ," ਜਾਂ "ਮਸੀਹ ਲਈ ਦੁਖਾਂ" ਦਾ ਹਵਾਲਾ ਦਿੰਦੇ ਹੋਣ। ਇਹ ਸਾਰੇ ਸਵਾਲ ਗੁੰਝਲਦਾਰ ਹਨ, ਪਰ ਕਈ ਕਾਰਣਾਂ ਕਰਕੇ "ਮਸੀਹ ਲਈ ਦੁਖਾਂ" ਨੂੰ ਤਰਜੀਹ ਦਿੱਤੀ ਜਾਣੀ ਚਾਹੀਦੀ ਹੈ। ਕਾਰਣਾਂ ਦਾ ਸਾਰ ਕੁਝ ਇਸ ਤਰ੍ਹਾਂ ਹੈ: (1) ਨਬੀਆਂ ਦੇ ਕੰਮ ਤੋਂ ਅਸੀਂ ਜੋ ਜਾਣਦੇ ਹਾਂ, ਸੰਭਵ ਤੌਰ ਤੇ ਇਹ ਹੈ ਕਿ ਨਵੇਂ ਨੇਮ ਦੇ ਨਬੀਆਂ ਨੇ ਮਸੀਹ ਲਈ ਮਸੀਹੀ ਲੋਕਾਂ ਦੇ ਦੁਖ ਨੂੰ ਸਮਝਣ ਵਿਚ ਆਪਣੀ ਮਦਦ ਕਰਨ ਲਈ ਪਵਿੱਤਰ ਵਚਨ

ਦੀ ਭਾਲ ਅਤੇ ਖੋਜ ਵਿਚਾਰ ਕੀਤੀ ਹੋਵੇਗੀ ਜਦ ਕਿ ਪੁਰਾਣੇ ਨੇਮ ਦੇ ਨਬੀਆਂ ਨੇ ਮਸੀਹ ਦੇ ਆਪਣੇ ਦੁਖ ਨੂੰ ਸਮਝਣ ਵਿਚ ਆਪਣੀ ਮਦਦ ਕਰਨ ਵਾਸਤੇ ਪਵਿੱਤਰ ਵਚਨ ਦੀ ਭਾਲ ਕੀਤੀ ਹੋਵੇਗੀ। (2) ਮਸੀਹ ਦਾ ਆਤਮਾ ਨਵੇਂ ਨੇਮ ਦੇ ਨਬੀਆਂ ਵਿਚ ਕੰਮ ਕਰ ਰਿਹਾ ਹੈ ਪੂਰੀ ਤਰ੍ਹਾਂ ਸਮਝਣਯੋਗ ਹੈ। ਇਹ ਉਮੀਦ ਕੀਤੀ ਜਾਂਦੀ ਹੈ ਕਿ ਪਤਰਸ ਨੂੰ ਕਹਿਣਾ ਚਾਹੀਦਾ ਹੈ ਕਿ ਪੁਰਾਣੇ ਨੇਮ ਦੇ ਨਬੀਆਂ ਵਿਚ "ਮਸੀਹ ਦਾ ਆਤਮਾ" ਕੰਮ ਕਰ ਰਿਹਾ ਸੀ। (3) "ਮਸੀਹ ਲਈ ਦੁਖ" ਅਨੁਵਾਦ "ਮਸੀਹ ਦੇ ਦੁਖਾਂ" ਅਨੁਵਾਦ ਨਾਲ ਯੂਨਾਨੀ ਪੂਰਵ ਸਰਗ εἰς (*ਈਸ* ) ਦਾ ਇਕ ਬਿਹਤਰ ਭਾਵ ਦਿੰਦਾ ਹੈ। (4) "ਮਹਿਮਾ" ਬਹੁਵਚਨ ਸੁਭਾਵਕ ਹੈ ਜੇਕਰ ਪਤਰਸ ਦੇ ਮਨ ਵਿਚ ਉਹ ਮਹਿਮਾ ਸੀ ਜਿਸ ਦਾ ਮਸੀਹੀ ਲੋਕ ਅਨੁਭਵ ਕਰਨਗੇ ਜਦੋਂ ਪ੍ਰਭੂ ਦੁਬਾਰਾ ਆਵੇਗਾ। ਬਹੁਵਚਨ ਲਾਗੂ ਕੀਤਾ ਜਾਂਦਾ ਹੈ ਜੇਕਰ ਇਹ ਉਹ ਦਾ ਹਵਾਲਾ ਦਿੰਦਾ ਹੈ ਜੋ ਯਿਸੂ ਨਾਲ ਉਸ ਦੇ ਸਲੀਬ ਦਿੱਤੇ ਜਾਣ ਤੋਂ ਬਾਅਦ ਹੋਇਆ ਸੀ। ਇਨ੍ਹਾਂ ਕਾਰਣਾਂ ਕਰਕੇ, ਉਨ੍ਹਾਂ ਨਬੀਆਂ ਨੂੰ ਨਵੇਂ ਨੇਮ ਦੇ ਨਬੀਆਂ ਵਜੋਂ ਸਮਝਣਾ ਬਿਹਤਰ ਹੈ ਜਿਨ੍ਹਾਂ ਦਾ ਪਤਰਸ ਨੇ ਹਵਾਲਾ ਦਿੱਤਾ ਹੈ।[19]

ਪਰਮੇਸ਼ੁਰ ਨੇ ਨਬੀਆਂ ਤੇ **ਪਰਗਟ ਕੀਤਾ** ਕਿ ਉਨ੍ਹਾਂ ਦੀ ਸਮੇਂ ਅਤੇ ਮਸੀਹੀ ਦੁਖ ਦੇ ਤਰੀਕੇ ਦੀ ਖੋਜ ਵਿਚ **ਓਹ ਆਪਣੀ ਨਹੀਂ ਸਗੋਂ ਤੁਹਾਡੀ ਸੇਵਾ ਕਰ ਰਹੇ ਸਨ** (1:12)। ਉਨ੍ਹਾਂ ਦੀ ਸੇਵਾ ਦਾ ਨਿਸ਼ਾਨਾ ਸੰਤਾਂ ਦੀ ਸੇਵਾ ਕਰਨਾ ਸੀ। ਪੌਲੁਸ ਨੇ ਖੁਦ ਨੂੰ ਰਸੂਲ ਅਤੇ ਨਬੀ ਦੋਵੇਂ ਸਮਝਿਆ (1 ਕੁਰਿੰਥੀਆਂ 14:5, 6)। ਉਸ ਨੇ ਉਨ੍ਹਾਂ ਲਈ ਇਕ ਸੇਵਕ ਹੋਣ ਦੇ ਨਾਤੇ ਜਿਨ੍ਹਾਂ ਨੇ ਉਸ ਦੇ ਪ੍ਰਚਾਰ ਰਾਹੀਂ ਮਸੀਹ ਨੂੰ ਜਾਣਿਆ ਸੀ ਦੋਹਾਂ ਯੋਗਤਾਵਾਂ ਵਿਚ ਆਪਣੀ ਭੂਮਿਕਾ ਨੂੰ ਸਮਝਿਆ। "ਭਾਵੇਂ ਮੈਂ ਸਭਨਾਂ ਤੋਂ ਅਜ਼ਾਦ ਸਾਂ ਤਾਂ ਵੀ ਆਪਣੇ ਆਪ ਨੂੰ ਸਭਨਾਂ ਦਾ ਦਾਸ ਕੀਤਾ ਭਈ ਮੈਂ ਬਾਹਲਿਆਂ ਨੂੰ ਖਿੱਚ ਲਿਆਵਾਂ" (1 ਕੁਰਿੰਥੀਆਂ 9:19)। ਮਸੀਹੀ ਲੋਕਾਂ ਨੂੰ ਜਿੰਨਾ ਜ਼ਿਆਦਾ ਹੋ ਸਕੇ ਪ੍ਰੇਰਣਾ ਦੀ ਲੋੜ ਸੀ ਜੇਕਰ ਉਨ੍ਹਾਂ ਨੇ ਵਫ਼ਾਦਾਰ ਰਹਿਣਾ ਸੀ। ਯਿਸੂ ਨੇ ਚਿਤਾਵਨੀ ਦਿੱਤੀ ਅਤੇ ਉਨ੍ਹਾਂ ਨੂੰ ਮੁਬਾਰਕ ਐਲਾਨਿਆ ਸੀ ਜਿਨ੍ਹਾਂ ਨੇ ਉਸ ਦੀ ਖ਼ਾਤਰ ਦੁਖ ਝੱਲਿਆ ਸੀ (ਮੱਤੀ 5:10–12)। ਪੌਲੁਸ ਨੇ ਜਿਹੜੇ ਲੋਕ ਬਦਲ ਕੇ ਮਸੀਹ ਵਿਚ ਆ ਗਏ ਸਨ ਉਨ੍ਹਾਂ ਨੂੰ ਉਨ੍ਹਾਂ ਸ਼ਬਦਾਂ ਨਾਲ ਤਿਆਰ ਕੀਤਾ ਜੋ ਉਨ੍ਹਾਂ ਦੀ ਉਡੀਕ ਕਰ ਰਹੇ ਸਨ, "ਅਸੀਂ ਬਹੁਤ ਬਿਪਤਾ ਸਹਿ ਕੇ ਪਰਮੇਸ਼ੁਰ ਦੇ ਰਾਜ ਵਿਚ ਵੜਨਾ ਹੈ" (ਰਸੂਲਾਂ ਦੇ ਕਰਤੱਬ 14:22)। ਜਦੋਂ ਨਬੀਆਂ ਨੇ ਅੱਗੋਂ ਹੀ ਕਲੀਸੀਆ ਦੇ ਵਿਕਾਸ ਦੇ ਸੁਭਾਅ ਅਤੇ ਉਸ ਵਿਰੋਧਤਾ ਦੇ ਸੁਭਾਅ ਦੀ ਖੋਜ ਵਿਚਾਰ ਕਰ ਲਈ ਜੋ ਉਨ੍ਹਾਂ ਨੂੰ ਗੈਰ-ਵਿਸ਼ਵਾਸੀਆਂ ਵੱਲੋਂ ਮਿਲਣਾ ਸੀ, ਉਹ ਬੇਕਾਰ ਉਤਸੁਕਤਾ ਨੂੰ ਸੰਤੁਸ਼ਟ ਨਹੀਂ ਸੀ ਕਰ ਰਹੇ, ਅਰਥਾਤ, ਉਹ ਆਪਣੇ ਆਪ ਦੀ ਸੇਵਾ ਨਹੀਂ ਸੀ ਕਰ ਰਹੇ। ਉਨ੍ਹਾਂ ਨੇ ਜੋ ਸਿੱਖਿਆ ਸੀ ਉਸ ਨੇ ਨਿਹਚਾ ਦਾ ਸਮਰਥਨ ਕਰਨ ਰਾਹੀਂ ਮਸੀਹੀ ਲੋਕਾਂ ਦੀ ਸੇਵਾ ਕੀਤੀ। ਉਨ੍ਹਾਂ ਨੇ ਵਿਸ਼ਵਾਸੀਆਂ ਨੂੰ ਉਨ੍ਹਾਂ ਦੇ ਆਪਣੇ ਦੁਖਾਂ ਅਤੇ ਉਸ ਮੁਕਤੀ ਵਿਚਕਾਰ ਸੰਬੰਧ ਨੂੰ ਸਮਝਣ ਵਿਚ ਮਦਦ ਕੀਤੀ ਜੋ ਪਰਮੇਸ਼ੁਰ ਨੇ ਆਪਣੀ ਕਿਰਪਾ ਨਾਲ ਉਨ੍ਹਾਂ ਨੂੰ ਦਿੱਤੀ ਸੀ।

ਹੋਰ ਵੀ ਕਈ ਤਰੀਕੇ ਸਨ ਜਿਨ੍ਹਾਂ ਨਾਲ ਨਬੀਆਂ ਨੇ ਪਤਰਸ ਦੇ ਪਾਠਕਾਂ ਦੀ ਸੇਵਾ ਕੀਤੀ ਸੀ। ਉਨ੍ਹਾਂ ਨੇ ਨਾ ਸਿਰਫ ਭਵਿੱਖ ਦੀਆਂ ਘਟਨਾਵਾਂ ਦੇ ਭੇਤ ਖੁੱਲ੍ਹਣ ਦੀ ਖੋਜ ਕੀਤੀ ਸੀ, ਉਹ ਪਤਰਸ ਦੇ ਪਾਠਕਾਂ ਲਈ **ਓਹ ਗੱਲਾਂ ਆਖਦੇ ਹਨ ਜਿਨ੍ਹਾਂ ਦੀ ਖਬਰ ਹੁਣ ਤੁਹਾਨੂੰ ਉਨ੍ਹਾਂ ਦੇ ਰਾਹੀਂ ਮਿਲੀ**। ਇਹ ਉਹੀ ਸਨ, ਨਬੀ, ਜਿਨ੍ਹਾਂ **ਪਵਿੱਤਰ ਆਤਮਾ ਨਾਲ ਜੋ ਸੁਰਗੋਂ ਘੱਲਿਆ ਗਿਆ** ਤੁਹਾਨੂੰ ਖੁਸ਼ਖ਼ਬਰੀ ਸੁਣਾਈ। ਪੁਰਾਣੇ ਨੇਮ ਦੇ ਨਬੀਆਂ ਵਾਂਗ ਨਵੇਂ ਨੇਮ ਦੇ ਨਬੀਆਂ ਕੋਲ

ਆਪਣੇ ਹਾਣੀਆਂ ਦੇ ਲਈ ਇਕ ਸੰਦੇਸ਼ ਸੀ। ਇਹ ਕਲਪਨਾ ਕਰਨਾ ਜ਼ਰੂਰੀ ਨਹੀਂ ਹੈ ਕਿ ਉਹ ਸਭ ਜਿਨ੍ਹਾਂ ਨੇ ਪਤਰਸ ਦੇ ਪਾਠਕਾਂ ਨੂੰ ਖੁਸ਼ਖ਼ਬਰੀ ਸੁਣਾਈ ਸੀ ਨਬੀ ਸਨ, ਨਾ ਹੀ ਸਾਨੂੰ ਇਹ ਕਲਪਨਾ ਕਰਨੀ ਚਾਹੀਦੀ ਹੈ ਕਿ ਨਬੀਆਂ ਨੇ ਖੁਸ਼ਖ਼ਬਰੀ ਦਾ ਪ੍ਰਚਾਰ ਕਰਨ ਤੋਂ ਇਲਾਵਾ ਕੁਝ ਨਹੀਂ ਕੀਤਾ। ਖੁਸ਼ਖ਼ਬਰੀ ਦਾ ਪ੍ਰਚਾਰ ਕਰਨਾ ਉਨ੍ਹਾਂ ਕੰਮਾਂ ਵਿੱਚੋਂ ਸੀ ਜੋ ਨਬੀਆਂ ਨੇ ਕੀਤੇ। ਇਹ ਮਹੱਤਵਪੂਰਣ ਹੈ ਕਿ ਪਤਰਸ ਨੇ "ਪਵਿੱਤਰ ਆਤਮਾ" ਰਾਹੀਂ ਨਬੀਆਂ ਦੇ ਕੰਮ ਸੰਚਾਲਨ ਦਾ ਜ਼ਿਕਰ ਕੀਤਾ। ਕੰਮ ਜੋ ਉਨ੍ਹਾਂ ਨੇ ਕੀਤਾ, ਨਬੀਆਂ ਨੇ ਉਮੀਦ ਕੀਤੀ ਅਤੇ ਪਵਿੱਤਰ ਆਤਮਾ ਵੱਲੋਂ ਸ਼ਕਤੀ ਅਤੇ ਮਾਰਗ-ਦਰਸ਼ਨ ਪ੍ਰਾਪਤ ਕੀਤਾ। ਮਸੀਹੀ ਲੋਕਾਂ ਨੂੰ ਜੋ ਆਤਮਾ ਦੀਆਂ ਦਾਤਾਂ ਵੰਡੀਆਂ ਗਈਆਂ ਉਨ੍ਹਾਂ ਵਿਚ ਅਗੰਮ ਵਾਕ ਵੀ ਸੀ (1 ਕੁਰਿੰਥੀਆਂ 12:10)। ਜਿਨ੍ਹਾਂ ਨੂੰ ਉਹ ਦਾਤ ਮਿਲੀ ਸੀ ਉਨ੍ਹਾਂ ਨੇ ਉਹ ਸੰਦੇਸ਼ ਸੁਣਾਇਆ ਜੋ ਪਤਰਸ ਦੇ ਪਾਠਕਾਂ ਨੇ ਸੁਣਿਆ ਸੀ।

ਉਸ ਵਿਚ ਜੋ ਕਿ ਇਕ ਪਿੱਛੋਂ ਸੁੱਝੀ ਗੱਲ ਜਾਪਦੀ ਹੈ, ਪਤਰਸ ਨੇ ਕਿਹਾ ਕਿ **ਦੂਤ ਵੱਡੀ ਚਾਹ ਨਾਲ ਇਨ੍ਹਾਂ ਗੱਲਾਂ ਨੂੰ ਮਲੂਮ ਕਰਨਾ ਚਾਹੁੰਦੇ ਹਨ**। ਅਸੀਂ ਦੂਤਾਂ ਬਾਰੇ ਬਸ ਇੰਨਾ ਕਹਿ ਸਕਦੇ ਹਾਂ ਕਿ ਉਹ ਬਾਈਬਲ ਵਿਚ ਪਰਗਟ ਹੁੰਦੇ ਹਨ। ਉਹ ਸਾਨੂੰ ਉਹ ਕੰਮ ਕਰਦੇ ਹੋਏ ਮਿਲਦੇ ਹਨ ਜੋ ਪਰਮੇਸ਼ੁਰ ਨੇ ਉਨ੍ਹਾਂ ਨੂੰ ਕਰਨ ਦੇ ਲਈ ਭੇਜਿਆ ਸੀ। ਉਹ ਪਰਮੇਸ਼ੁਰ ਦੇ ਸੰਦੇਸ਼ਵਾਹਕ ਹਨ। ਇਸ ਤੋਂ ਇਲਾਵਾ, ਸਾਡੇ ਕੋਲ ਜੋ ਥੋੜ੍ਹੀ ਜਿਹੀ ਜਾਣਕਾਰੀ ਹੈ ਉਸ ਦੇ ਆਧਾਰ ਤੇ ਦੂਤਾਂ ਦੇ ਅਧਿਆਤਮਕ ਸ਼ਾਸਤਰ ਦੀ ਰਚਨਾ ਕਰਨਾ ਖ਼ਤਰਨਾਕ ਹੈ। ਜਦੋਂ ਪਤਰਸ ਨੇ ਕਿਹਾ ਕਿ ਦੂਤ ਮਸੀਹੀ ਲੋਕਾਂ ਤੇ ਪਰਗਟ ਕੀਤੀਆਂ ਗਈਆਂ ਗੱਲਾਂ ਨੂੰ ਮਲੂਮ ਕਰਨਾ ਚਾਹੁੰਦੇ ਸਨ, ਉਸ ਨੇ ਖੁਸ਼ਖ਼ਬਰੀ ਸੰਦੇਸ਼ ਦੇ ਕਾਇਨਾਤੀ ਅਨੁਰੂਪਾਂ ਤੇ ਜ਼ੋਰ ਦਿੱਤਾ। ਇਹ ਸ਼ਬਦ ਪਾਠਕਾਂ ਨੂੰ ਉਸ ਸੰਦੇਸ਼ ਦੇ ਮਹੱਤਵ ਬਾਰੇ ਦੱਸਦੇ ਹਨ ਜਿਸ ਨੇ ਉਨ੍ਹਾਂ ਨੂੰ ਬਚਾਇਆ ਸੀ। ਪਤਰਸ ਸਾਨੂੰ ਦੂਤਾਂ ਦੀ ਥਾਂ, ਪਰਮੇਸ਼ੁਰ ਦੇ ਅਰਥ ਸ਼ਾਸਤਰ ਵਿਚ ਛਾਣਬੀਣ ਕਰਨ ਦਾ ਸੱਦਾ ਨਹੀਂ ਸੀ ਦੇ ਰਿਹਾ; ਉਹ ਸਾਨੂੰ ਉਨ੍ਹਾਂ ਦੇ ਆਰੰਭ ਤੇ ਕਲਪਨਾ ਕਰਨ ਦਾ ਸੱਦਾ ਦੇ ਰਿਹਾ ਸੀ। ਉਹ ਬਰਕਤਾਂ ਜੋ ਨਬੀ ਮਸੀਹੀ ਲੋਕਾਂ ਦੇ ਲਈ ਲੈ ਕੇ ਆਏ ਸਨ ਜਦੋਂ ਉਨ੍ਹਾਂ ਨੇ ਉਨ੍ਹਾਂ ਨੂੰ ਉਹ ਖੁਸ਼ਖ਼ਬਰੀ ਸੁਣਾਈ ਜਿਸ ਦਾ ਇੰਨਾ ਵੱਡਾ ਮਹੱਤਵ ਸੀ ਕਿ ਪਿਛਲੀਆਂ ਕਈ ਸਦੀਆਂ ਤੋਂ ਪਰਮੇਸ਼ੁਰ ਦੇ ਦੂਤ ਇਸ ਦੇ ਪੂਰਾ ਹੋਣ ਬਾਰੇ ਜਾਣਨ ਲਈ ਵੱਡੀ ਚਾਹ ਕਰਦੇ ਸਨ। ਉਲਝਣ ਇਹ ਹੈ ਕਿ ਜਿਸ ਚੀਜ਼ ਦਾ ਦੂਤਾਂ ਨੂੰ ਇਨਕਾਰ ਕਰ ਦਿੱਤਾ ਗਿਆ ਸੀ ਹੁਣ ਵਿਸ਼ਵਾਸੀਆਂ ਦੇ ਲਈ ਪੂਰੀ ਹੋ ਰਹੀ ਸੀ।

## ਪਵਿੱਤਰ ਆਤਮਾ (1:13-16)

**[13]ਇਸ ਲਈ ਤੁਸੀਂ ਆਪਣੀ ਬੁੱਧ ਦਾ ਲੱਕ ਬੰਨ੍ਹ ਕੇ ਸੁਚੇਤ ਰਹੋ ਅਤੇ ਓਸ ਕਿਰਪਾ ਦੀ ਪੂਰੀ ਆਸ ਰੱਖੋ ਜਿਹੜੀ ਯਿਸੂ ਮਸੀਹ ਦੇ ਪਰਕਾਸ਼ ਹੋਣ ਦੇ ਸਮੇਂ ਤੁਹਾਡੇ ਉੱਤੇ ਹੋਣ ਵਾਲੀ ਹੈ। [14]ਅਤੇ ਆਗਿਆਕਾਰ ਬੱਚਿਆਂ ਵਾਂਙੁ ਆਪਣੀ ਅਗਿਆਨਤਾ ਦੇ ਪਹਿਲੇ ਸਮੇਂ ਦੀਆਂ ਕਾਮਨਾਂ ਦੇ ਸਰੂਪ ਜੇਹੇ ਨਾ ਬਣੋ। [15]ਸਗੋਂ ਜਿਵੇਂ ਤੁਹਾਡਾ ਸੱਦਣ ਵਾਲਾ ਪਵਿੱਤਰ ਹੈ ਤੁਸੀਂ ਆਪ ਭੀ ਤਿਵੇਂ ਹੀ ਆਪਣੀ ਸਾਰੀ ਚਾਲ ਵਿੱਚ ਪਵਿੱਤਰ ਬਣੋ। [16]ਕਿਉਂ ਜੋ ਇਹ ਲਿਖਿਆ ਹੋਇਆ ਹੈ ਭਈ ਤੁਸੀਂ ਪਵਿੱਤਰ ਬਣੋ ਇਸ ਲਈ ਜੋ ਮੈਂ ਪਵਿੱਤਰ ਹਾਂ।**

ਪੂਰੇ ਨਵੇਂ ਨੇਮ ਵਿਚ, ਪ੍ਰਭੂ ਦਾ ਦੁਬਾਰਾ ਆਉਣਾ ਅਤੇ ਇਸ ਸੰਸਾਰ ਦਾ ਪਰਮੇਸ਼ੁਰ ਦਾ ਨਿਆਂ ਸਹੀ ਨੈਤਿਕ ਵਿਹਾਰ ਲਈ ਇਕ ਅਪੀਲ ਦਾ ਕੰਮ ਕਰਦਾ ਹੈ। 1 ਪਤਰਸ ਵਿਚ ਇਹ

ਸੱਚਾਈ ਹੋਰ ਥਾਵਾਂ ਨਾਲੋਂ ਘੱਟ ਨਹੀਂ ਹੈ। ਪਰਤਾਵਿਆਂ ਦਾ ਸਾਹਮਣਾ ਕਰਦੇ ਹੋਏ, ਮਸੀਹੀ ਲੋਕਾਂ ਨੇ “[ਆਪਣੀ] ਆਸ ਪੂਰੀ ਤਰ੍ਹਾਂ . . . ਯਿਸੂ ਮਸੀਹ ਦੇ ਪਰਕਾਸ਼ ਤੇ ਰੱਖਣੀ ਹੈ।”

**ਆਇਤ 13.** ਰਸੂਲ ਨੇ ਆਪਣੇ ਪਾਠਕਾਂ ਨੂੰ ਉਨ੍ਹਾਂ ਦੇ ਸੱਦੇ ਅਤੇ ਉਸ ਆਸ ਦੇ ਬਾਰੇ ਚੇਤੇ ਕਰਾਇਆ ਜੋ ਉਨ੍ਹਾਂ ਨੂੰ ਸ਼ੁੱਧ ਅਧਕਾਰ ਦੇ ਲਈ ਮਿਲੀ ਸੀ। ਇਸ ਤੋਂ ਇਲਾਵਾ, ਉਸ ਨੇ ਉਨ੍ਹਾਂ ਮੌਜੂਦਾ ਪਰਤਾਵਿਆਂ ਨੂੰ ਜਿਨ੍ਹਾਂ ਦਾ ਉਨ੍ਹਾਂ ਨੇ ਸਾਹਮਣਾ ਕੀਤਾ ਸੀ ਪਛਾਣਿਆ ਅਤੇ ਉਨ੍ਹਾਂ ਦਾ ਕਾਰਣ ਸਮਝਾਇਆ। ਸਭਨਾਂ ਲੋਕਾਂ ਵਿੱਚੋਂ, ਮਸੀਹੀ ਲੋਕ ਸਭ ਤੋਂ ਜ਼ਿਆਦਾ ਮੁਬਾਰਕ, ਸਭ ਤੋਂ ਜ਼ਿਆਦਾ ਪ੍ਰਸ਼ੰਸਾਯੋਗ ਸਨ। ਇਹ ਸਭ ਕੁਝ ਪਰਮੇਸ਼ੁਰ ਦੀ ਕਿਰਪਾ ਨਾਲ ਹੋਇਆ ਸੀ ਜੋ ਉਨ੍ਹਾਂ ਉੱਤੇ ਖੁਸ਼ਖ਼ਬਰੀ ਵਿਚ ਪਰਗਟ ਕੀਤੀ ਗਈ ਸੀ ਜੋ ਉਨ੍ਹਾਂ ਨੇ ਸੁਣੀ ਸੀ। ਇਸੇ ਕਾਰਣ ਸਭ ਗੱਲਾਂ ਤੋਂ ਬਾਅਦ **ਇਸ ਲਈ** ਸ਼ਬਦ ਆਉਂਦਾ ਹੈ। ਉਸ ਕਿਰਪਾ ਦੇ ਉਮੀਦ ਕੀਤੇ ਹੋਏ ਪਰਿਣਾਮ ਵਜੋਂ ਜੋ ਉਨ੍ਹਾਂ ਨੂੰ ਪ੍ਰਾਪਤ ਹੋਈ ਸੀ, ਰਸੂਲ ਨੇ ਆਪਣੇ ਪਾਠਕਾਂ ਨੂੰ **ਬੁੱਧ ਦਾ ਲੱਕ ਬੰਨ੍ਹ ਕੇ ਸੁਚੇਤ ਰਹਿਣ** ਦੀ ਅਪੀਲ ਕੀਤੀ। ਇਹ ਅਪੀਲ ਨਿਰੰਤਰ ਉਸ ਦੇ ਪਾਠਕਾਂ ਨੂੰ ਇਸਰਾਏਲ ਦੇ ਇਤਹਾਸ ਵਿਚ ਉਨ੍ਹਾਂ ਦੀਆਂ ਜੜ੍ਹਾਂ ਬਾਰੇ ਚੇਤੇ ਕਰਾਉਂਦੀ ਰਹੀ, ਹਾਲਾਂਕਿ ਇਹ ਤਾਕੀਦ ਕਾਫੀ ਹਲਕੀ ਜਿਹੀ ਸੀ। NASB ਬਾਈਬਲ ਵਿਚ ਵਿਚਾਰ ਦਾ ਅਨੁਵਾਦ ਆਧੁਨਿਕ ਮੁਹਾਵਰੇਦਾਰ ਪੰਜਾਬੀ ਵਿਚ ਕੀਤਾ ਗਿਆ ਹੈ। KJV ਬਾਈਬਲ ਵਿਚ ਇਸ ਨੂੰ ਪੁਰਾਤਨ ਮੁਹਾਵਰੇ ਵਿਚ ਬਹੁਤ ਹੀ ਸਹੀ ਢੰਗ ਨਾਲ ਕਾਇਮ ਰੱਖਿਆ ਗਿਆ ਹੈ ਜਦੋਂ ਅਸੀਂ ਇਸ ਵਿਚ ਪੜ੍ਹਦੇ ਹਾਂ ਕਿ “ਆਪਣੇ ਮਨ ਨੂੰ ਭਵਿੱਖ ਦੇ ਕੰਮਾਂ ਲਈ ਤਕੜਿਆਂ ਕਰੋ।” ਇਹ ਚਿੱਤਰ ਉਨ੍ਹਾਂ ਲੋਕਾਂ ਦਾ ਹੈ ਜਿਨ੍ਹਾਂ ਨੇ ਢਿੱਲੇ ਜਿਹੇ, ਐਧਰ ਉੱਧਰ ਝੂਲਣ ਵਾਲੇ ਬਸਤਰ ਪਹਿਨੇ ਹੋਏ ਹਨ ਜੋ ਕਿ ਉਨ੍ਹਾਂ ਨੂੰ ਹਵਾ ਅਤੇ ਤਪਸ਼, ਖੁਸ਼ਕ ਮੌਸਮ ਤੋਂ ਬਚਾਉਣ ਦੇ ਲਈ ਬਣਾਏ ਗਏ ਹਨ। ਇਹ ਬਸਤਰ ਐਸ਼ੋ-ਅਰਾਮ, ਦਿਨ-ਬ-ਦਿਨ ਗਤੀਵਿਧੀਆਂ ਦੇ ਲਈ ਬਹੁਤ ਸ਼ਾਨਦਾਰ ਸਨ, ਪਰ ਉਹ ਕੁਢੱਬੇ ਸਨ ਜਦੋਂ ਕਿਸੇ ਨੂੰ ਇਨ੍ਹਾਂ ਨੂੰ ਪਹਿਨ ਕੇ ਛੇਤੀ-ਛੇਤੀ ਤੁਰਨ ਦੀ ਲੋੜ ਹੁੰਦੀ ਸੀ। ਗੰਭੀਰ ਕੰਮ ਜਾਂ ਤੇਜ਼ ਸਫ਼ਰ ਲਈ, ਜਿਹੜੇ ਲੋਕ ਢਿੱਲੇ ਕੱਪੜੇ ਪਹਿਨਦੇ ਸਨ ਉਨ੍ਹਾਂ ਨੂੰ “ਲੱਕ ਬੰਨ੍ਹਣਾ” ਪੈਂਦਾ ਸੀ, ਅਰਥਾਤ, ਆਪਣੇ ਆਪ ਦੇ ਆਲੇ-ਦੁਆਲੇ ਕੁਝ ਲਵ੍ਹੇਟਣਾ ਜਾਂ ਬੰਨ੍ਹਣਾ ਪੈਂਦਾ ਸੀ। ਲੋਕ ਜਿਹੜੇ ਪੁਰਾਤਨ ਪੂਰਬ ਨੇੜੇ ਰਹਿੰਦੇ ਸਨ, ਜਿਨ੍ਹਾਂ ਨੇ ਦੁਨੀਆ ਦੇ ਉਸ ਹਿੱਸੇ ਵਿਚ ਗਰਮੀ ਦਾ ਅਨੁਭਵ ਕੀਤਾ ਸੀ ਜਾਣਦੇ ਸਨ ਕਿ ਢਿੱਲੇ ਕੱਪੜੇ ਪਹਿਨਣਾ ਅਤੇ ਉਨ੍ਹਾਂ ਨੂੰ ਪਹਿਨ ਕੇ ਕੰਮ ਕਰਨ ਦੀ ਕੋਸ਼ਿਸ਼ ਕਰਨ ਨਾਲ ਕਿਵੇਂ ਦਾ ਲੱਗਦਾ ਸੀ (ਕੂਚ 12:11; 1 ਰਾਜਿਆਂ 18:46; 2 ਰਾਜਿਆਂ 4:29; 9:1; ਅੱਯੂਬ 38:3; ਲੂਕਾ 17:8)।

ਪਤਰਸ ਨੇ ਆਪਣੇ ਪਾਠਕਾਂ ਨੂੰ ਸੁਚੇਤ ਕਰਨ ਲਈ ਅਲੰਕਾਰ ਦੀ ਵਰਤੋਂ ਕੀਤੀ। ਇਕ ਮਸੀਹੀ ਹੋਣਾ ਸਦੀਪਕ ਅਧਕਾਰ ਦੀ ਆਸ ਵਿਚ ਨਿੱਘ ਮਾਣਨ ਨਾਲੋਂ ਕਿਤੇ ਵੱਧ ਕੇ ਸੀ; ਇਹ ਉਸ ਕਿਰਪਾਲੂ ਦਾਤ ਨੂੰ ਪ੍ਰਦਰਸ਼ਿਤ ਕਰਨ ਨਾਲੋਂ ਕਿਤੇ ਵੱਧ ਕੇ ਸੀ ਜੋ ਪਰਮੇਸ਼ੁਰ ਨੇ ਉਨ੍ਹਾਂ ਨੂੰ ਦਿੱਤੀ ਸੀ। ਆਸ ਜਿਸ ਦੇ ਵਿਚ ਉਹ ਸਾਂਝੀ ਸਨ ਇਕ ਪ੍ਰੇਰਣਾ ਸੀ ਜੋ ਉਨ੍ਹਾਂ ਨੂੰ ਨੇਕ, ਧਰਮੀ, ਪਵਿੱਤਰ ਜੀਵਨ ਜੀਉਣ ਲਈ ਪ੍ਰੇਰਿਤ ਕਰ ਰਹੀ ਸੀ ਜਿਸ ਦੇ ਲਈ ਉਨ੍ਹਾਂ ਨੂੰ ਸੱਦਿਆ ਗਿਆ ਸੀ। ਜਿਸ ਹੱਦ ਤੀਕ ਉਨ੍ਹਾਂ ਨੇ ਉਹ ਜੀਵਨ ਗੁਜਾਰਿਆ ਜੋ ਪ੍ਰਭੂ ਨੇ ਉਨ੍ਹਾਂ ਨੂੰ ਜੀਉਣ ਦੀ ਬੇਨਤੀ ਕੀਤੀ ਸੀ, ਉਸ ਹੱਦ ਤੀਕ ਹੁਣ ਉਹ ਅਧਕਾਰ ਦੀਆਂ ਬਰਕਤਾਂ ਵਿਚ ਸਾਂਝੀ ਹੋਣਗੇ ਜੋ ਛੇਤੀ ਪੂਰਾ ਹੋਵੇਗਾ।

NASB ਬਾਈਬਲ ਦਾ ਅਨੁਵਾਦ ਸਮੇਂ, ਸੱਭਿਆਚਾਰਾਂ ਅਤੇ ਭਾਸ਼ਾਵਾਂ ਦੇ ਅਲੰਕਾਰ ਦੀ ਮੁਸ਼ਕਲ ਦਾ ਉਦਾਹਰਣ ਦਿੰਦਾ ਹੈ। ਅਨੁਵਾਦਕਾਂ ਨੂੰ ਇਹ ਫ਼ੈਸਲਾ ਕਰਨਾ ਪਵੇਗਾ ਕਿ ਉਹ

ਅਸਲੀ ਦਸਤਾਵੇਜ਼ ਦੇ ਸਵਾਦ ਨੂੰ ਬਰਕਰਾਰ ਰੱਖਣ ਲਈ ਕਿੱਥੋਂ ਤੱਕ ਜਾਣ ਦੇ ਇੱਛੁਕ ਹਨ। ਜਿਹੜੇ ਲੋਕ "ਬੁਧ ਦਾ ਲੱਕ ਬੰਨ੍ਹ ਕੇ ਸੁਚੇਤ ਰਹੋ" ਕਥਨ ਦਾ ਜਥਾਰਥ ਰੂਪ ਵਿਚ ਅਨੁਵਾਦ ਕਰਦੇ ਹਨ, ਉਨ੍ਹਾਂ ਨੂੰ ਅੱਜ ਕੱਲ੍ਹ ਦੇ ਪਾਠਕਾਂ ਨੂੰ ਪੁਰਾਤਨ ਸੰਸਾਰ ਦੀਆਂ ਰੀਤਾਂ ਨਾਲ ਵਾਕਫ ਕਰਾਉਣ ਦੀ ਜ਼ਰੂਰਤ ਹੁੰਦੀ ਹੈ। ਨਹੀਂ ਤਾਂ, ਇਸ ਅਲੰਕਾਰ ਦਾ ਉਨ੍ਹਾਂ ਲਈ ਕੋਈ ਅਰਥ ਨਹੀਂ ਹੋਵੇਗਾ। ਜਿਹੜੇ ਇਸ ਦਾ ਅਨੁਵਾਦ "ਆਪਣੀ ਬੁੱਧ ਦਾ ਲੱਕ ਬੰਨ੍ਹ ਕੇ ਸੁਚੇਤ ਰਹੋ" ਕਰਕੇ ਕਰਦੇ ਹਨ ਮੁਹਾਵਰੇ ਦੀ ਉਸ ਤਰੀਕੇ ਨਾਲ ਵਿਆਖਿਆ ਕਰਨ ਦੇ ਇੱਛੁਕ ਹਨ ਜਿਸ ਨਾਲ ਅੱਜ ਕੱਲ੍ਹ ਦਾ ਪਾਠਕ ਆਪਣੇ ਆਪ ਨੂੰ ਵਿਅਕਤ ਕਰਦਾ ਹੈ। ਇਸ ਸਥਿਤੀ ਵਿਚ ਪਾਠਕ ਨੂੰ ਪਹਿਰਾਵੇ ਦੇ ਪੁਰਾਤਨ ਰਿਵਾਜਾਂ ਨੂੰ ਸਮਝਣ ਲਈ ਥੋੜ੍ਹੀ ਜਿਹੀ ਕੋਸ਼ਿਸ਼ ਕਰਨੀ ਪਵੇਗੀ। ਅਨੁਵਾਦ ਦੀਆਂ ਦੋਹਾਂ ਫਿਲਾਸਫੀਆਂ ਵਿੱਚੋਂ ਕੁਝ ਨਾ ਕੁਝ ਸਮਝਿਆ ਜਾ ਸਕਦਾ ਹੈ।

ਇਕ ਮਸੀਹੀ ਦਾ ਰੁਤਬੇ ਦਾ ਅਨੰਦ ਮਾਣਨ ਲਈ ਮਨ ਦੀ ਸਮੱਸ਼ਟਤਾ, ਵਿਅਕਤੀਗਤ ਸਮਰਪਣ ਜ਼ਰੂਰੀ ਹੈ, ਇਸ ਤਰ੍ਹਾਂ ਕਰਕੇ ਵਿਸ਼ਵਾਸੀ **ਆਤਮਾ ਵਿਚ ਸੁਚੇਤ** ਰਹਿੰਦੇ ਹਨ। ਕਿਰਿਆ νήφω (ਨੇਫੋ ) ਦਾ ਪੰਜਾਬੀ ਵਿਚ ਸ਼ਾਬਦਿਕ ਅਰਥ ਹੈ "ਸੁਚੇਤ ਹੋਣਾ" ਅਤੇ ਯੂਨਾਨੀ ਵਿਚ "ਸ਼ਰਾਬ ਤੋਂ ਮੁਕਤ ਹੋਣਾ।" ਫਿਰ ਵੀ, ਦੋਵਾਂ ਭਾਸ਼ਾਵਾਂ ਵਿਚ, ਇਹ ਦਾ ਅਲੰਕਾਰਕ ਅਰਥ ਵੀ ਹੈ, ਅਰਥਾਤ, "ਆਪਣੇ ਆਪ ਤੇ ਕਾਬੂ ਰੱਖਣਾ," "ਸੰਤੁਲਿਤ ਅਤੇ ਗੰਭੀਰ ਹੋਣਾ।" ਪਤਰਸ ਨੇ ਇਹ ਸ਼ਬਦ ਆਪਣੇ ਪਾਠਕਾਂ ਨੂੰ ਇਹ ਚੇਤੇ ਕਰਾਉਣ ਲਈ ਵਰਤਿਆ ਕਿ ਮਨੁੱਖੀ ਜੀਵਨ, ਆਖ਼ਰਕਾਰ, ਇਕ ਗੰਭੀਰ ਮਸਲਾ ਹੈ। ਜੀਵਨ ਰੋਗੀ ਨਹੀਂ ਹੈ, ਪਰ ਇਹ ਗੰਭੀਰ ਹੈ। ਗੈਰ-ਵਿਸ਼ਵਾਸੀ ਲਈ ਜਿਹੜਾ ਆਪਣੀ ਬੇਪਤਰਤੀਤੀ ਨੂੰ ਗੰਭੀਰਤਾ ਨਾਲ ਲੈਂਦਾ ਹੈ, ਜੀਵਨ ਗੰਭੀਰ ਨਹੀਂ ਹੈ। ਇਹ ਦੁਖਦਾਈ ਜਾਂ ਹਾਸਪੂਰਨ ਹੋ ਸਕਦਾ ਹੈ ਪਰ ਗੰਭੀਰ ਨਹੀਂ। ਜੇਕਰ ਜੀਵਨ ਦਾ ਕੋਈ ਮੁਢਲਾ ਅਰਥ ਨਹੀਂ ਸੀ ਤਾਂ ਜੀਵਨ ਨੂੰ ਗੰਭੀਰਤਾ ਨਾਲ ਲੈਣ ਦਾ ਕੋਈ ਕਾਰਣ ਨਹੀਂ ਹੈ, ਸੁਚੇਤ ਹੋਣ ਦਾ ਕੋਈ ਕਾਰਣ ਨਹੀਂ ਹੈ।[20] ਯੂਨਾਨੀ-ਰੋਮੀ ਜਗਤ ਵਿਚ ਜਿੱਥੇ ਪਤਰਸ ਅਤੇ ਉਸ ਦੇ ਪਾਠਕ ਰਹਿੰਦੇ ਸਨ ਜੀਵਨ ਦੇ ਸਨਕੀ, ਭਾਗਵਾਦੀ ਦ੍ਰਿਸ਼ਟੀਕੋਣ ਤੋਂ ਓਪਰੇ ਨਹੀਂ ਸਨ ਜਿਸ ਨੂੰ ਲਾਤੀਨੀ ਵਾਕ *ਕਾਰਪੇ ਡੀਏਮ* ਜਿਸ ਦਾ ਅਰਥ ਹੈ "ਦਿਨ ਨੂੰ ਕਬਜ਼ੇ ਵਿਚ ਲੈਣਾ" ਵਿਚ ਬਹੁਤ ਹੀ ਵਧੀਆ ਢੰਗ ਨਾਲ ਵਿਅਕਤ ਕੀਤਾ ਗਿਆ ਹੈ। ਦਿਨ ਦਾ ਅਨੰਦ ਮਾਣੋ, ਭਾਵੇਂ ਇਹ ਬੇਸਹਾਰਾ ਲੋਕਾਂ ਦੀ ਕੀਮਤ ਤੇ ਹੀ ਕਿਉਂ ਨਾ ਹੋਵੇ। ਦਿਨ ਨੂੰ ਕਬਜ਼ੇ ਵਿਚ ਲੈਣ ਤੋਂ ਇਲਾਵਾ ਕੁਝ ਨਹੀਂ ਹੈ। ਦਿਨ ਤੋਂ ਪਰੇ ਕਬਰ ਦਾ ਸਦੀਪਕ ਹਨੇਰਾ ਹੈ। ਇਹੋ ਜਿਹੇ ਸੋਚੇ-ਵਿਚਾਰੇ ਜਗਤ ਵਿਚ, ਸੁਚੇਤਨਾ ਲਈ ਅਪੀਲਾਂ ਜਾਂ ਤਾਂ ਜ਼ਰੂਰਤ ਤੋਂ ਜ਼ਿਆਦਾ ਹਨ ਜਾਂ ਹਾਸਪੂਰਨ ਹਨ।

ਨਿਹਚਾ ਅਤੇ ਸੁਚੇਤਨਾ ਨੇ ਪਤਰਸ ਨੂੰ ਭਰਾਵਾਂ ਨੂੰ ਇਹ ਨਸੀਹਤ ਦੇਣ ਵਿਚ ਅਗਵਾਈ ਕੀਤੀ ਕਿ **ਓਸ ਕਿਰਪਾ ਦੀ ਪੂਰੀ ਆਸ ਰੱਖੋ ਜਿਹੜੀ ਯਿਸੂ ਮਸੀਹ ਦੇ ਪਰਕਾਸ਼ ਹੋਣ ਦੇ ਸਮੇਂ ਤੁਹਾਡੇ ਉੱਤੇ ਹੋਣ ਵਾਲੀ ਹੈ।** ਇਹ ਆਗਿਆਵਾਚਕ ਵਾਕਾਂ ਦੀ ਲੜੀ ਵਿਚ ਪਹਿਲਾ ਹੈ।[21] ਉਹ ਇਹ ਸ਼ਬਦ ਜੋੜੇਗਾ, "ਪਵਿੱਤਰ ਬਣੋ" (1:15), "ਸਮਾਂ ਭੈ ਨਾਲ ਬਤੀਤ ਕਰੋ" (1:17) ਅਤੇ "ਇੱਕ ਦੂਏ ਨਾਲ ਗੂੜ੍ਹਾ ਪ੍ਰੇਮ ਰੱਖੋ" (1:22)। ਨਵੇਂ ਨੇਮ ਵਿਚ ਇੱਥੇ ਅਤੇ ਹੋਰ ਕਿਤੇ, "ਆਸ" ਭਰੋਸੇਮੰਦ ਉਮੀਦ ਦੇ ਬਰਾਬਰ ਹੈ, ਨਾ ਕਿ ਧੁੰਦਲੀ ਇੱਛਾ। ਇਹ ਜੀਵਨ ਨੂੰ ਰਫਤਾਰ ਦਿੰਦਾ ਹੈ ਜੋ ਉਸ ਚੀਜ਼ ਦੁਆਰਾ ਤੈਅ ਹੁੰਦੀ ਹੈ ਜਿਸ ਦੀ ਉਮੀਦ ਕੀਤੀ ਗਈ ਹੈ। ਆਸ ਉਹ ਨੀਂਹ ਹੈ ਜਿਸ ਤੇ ਪਵਿੱਤਰਤਾ ਦਾ ਜੀਵਨ ਉਸਰਣਾ ਹੈ।

ਸਾਰੀ ਮਸੀਹੀ ਆਸ ਮਸੀਹ ਦੇ ਪਰਕਾਸ਼ ਦੀ ਉਮੀਦ ਤੇ ਕੇਂਦਰਿਤ ਹੁੰਦੀ ਹੈ। ਕੁਝ

ਸੰਦਰਭਾਂ ਵਿਚ, "ਯਿਸੂ ਮਸੀਹ ਦਾ ਪਰਕਾਸ਼" ਮਸੀਹ ਵੱਲੋਂ ਪਰਕਾਸ਼ ਇਕ ਸੰਦੇਸ਼ ਦਾ ਅਰਥ ਦਿੰਦਾ ਹੈ (ਗਲਾਤੀਆਂ 1:12; ਪਰਕਾਸ਼ ਦੀ ਪੋਥੀ 1:1); ਪਰ ਇੱਥੇ ਇਸ ਦਾ ਅਰਥ ਹੈ, ਜਿਵੇਂ ਕਿ 1:7 ਵਿਚ ਹੈ, ਯੁੱਗ ਦੇ ਅੰਤ ਵਿਚ ਯਿਸੂ ਮਸੀਹ ਦਾ ਪਰਗਟ ਹੋਣਾ। ਫਿਰ ਉਹ ਕਿਵੇਂ ਆਪਣੀ ਮਹਿਮਾ ਵਿਚ ਪਰਗਟ ਹੋਵੇਗਾ। ਇਸ ਵਾਕ ਦੇ ਤਿੰਨ ਮਹੱਤਵਪੂਰਣ ਸ਼ਬਦ ਹਨ "ਆਸ," "ਕਿਰਪਾ" ਅਤੇ "ਪਰਕਾਸ਼।" ਤਿੰਨੇ ਸ਼ਬਦ ਇਸ ਗੱਲ ਦੀ ਪੁਸ਼ਟੀ ਕਰਦੇ ਹਨ ਕਿ ਇਤਹਾਸ ਕਿਤੇ ਨਾ ਕਿਤੇ ਜਾ ਰਿਹਾ ਹੈ। ਜਦ ਕਿ ਪਰਮੇਸ਼ੁਰ ਰਚਨਾ ਦਾ ਸਰੋਤ ਹੈ, ਇਸ ਲਈ ਉਹ ਖੁਦ ਤੈਅ ਕਰਦਾ ਹੈ ਕਿ ਉਸ ਦੀ ਰਚੀ ਹੋਈ ਤਰਤੀਬ ਕਿੱਧਰ ਨੂੰ ਜਾ ਰਹੀ ਹੈ। ਇਹ ਜਾਣਦੇ ਹੋਏ ਕਿ ਮਨੁੱਖੀ ਇਤਹਾਸ ਦਾ ਅੰਤ ਕਿਰਪਾਲੂ ਪ੍ਰਭੂ ਦੇ ਪਰਗਟ ਹੋਣ ਨਾਲ ਹੋਵੇਗਾ, ਮਸੀਹੀ ਲੋਕ ਆਸ ਕਰਦੇ ਹਨ। ਯਿਸੂ ਮਸੀਹ ਦਾ ਪਰਕਾਸ਼ ਕਿਰਪਾ ਦੇ ਵਾਂਗ ਹੀ ਹੈ ਜਿਸ ਤੇ ਮਸੀਹੀ ਵਿਅਕਤੀ ਨੇ ਪੂਰੇ ਭਰੋਸੇ ਨਾਲ ਆਸ ਰੱਖਣੀ ਹੈ। ਆਸ ਉਦੋਂ ਪੂਰੀ ਹੋਵੇਗੀ ਜਦੋਂ ਪਰਮੇਸ਼ੁਰ ਯਿਸੂ ਮਸੀਹ ਦੇ ਆਉਣ ਨਾਲ ਨਿਆਂ ਵਿਚ ਖੁਦ ਨੂੰ ਪਰਗਟ ਕਰੇਗਾ। ਪਰਕਾਸ਼ ਆਪਣੇ ਆਪ ਵਿਚ ਪਰਮੇਸ਼ੁਰ ਦੀ ਕਿਰਪਾ ਅਰਥਾਤ ਉਸ ਦੀ ਕਿਰਪਾ ਦਾ ਕਾਰਜ ਹੈ।

**ਆਇਤ 14.** ਪਤਰਸ ਅਤੇ ਯਾਕੂਬ ਦੇ ਸੰਦੇਸ਼ ਇੱਕੋ ਜਿਹੇ ਹਨ। ਯਾਕੂਬ ਚਾਹੁੰਦਾ ਸੀ ਕਿ ਉਸ ਦੇ ਪਾਠਕ ਇਸ ਗੱਲ ਨੂੰ ਸਮਝ ਲੈਣ ਕਿ ਨਿਹਚਾ, ਆਪਣੇ ਸੁਭਾਅ ਤੋਂ, ਕੰਮਾਂ ਦੀ ਮੰਗ ਕਰਦੀ ਹੈ। **ਅਗਿਆਕਾਰ ਬੱਚਿਆਂ ਵਾਂਙੁ**, ਪਤਰਸ ਚਾਹੁੰਦਾ ਸੀ ਕਿ ਉਸ ਦੇ ਪਾਠਕ ਇਸ ਗੱਲ ਨੂੰ ਸਮਝ ਲੈਣ ਕਿ ਪਵਿੱਤਰਤਾਈ, ਆਪਣੇ ਸੁਭਾਅ ਤੋਂ, ਆਗਿਆਕਾਰੀ ਦੀ ਮੰਗ ਕਰਦੀ ਹੈ। ਵਿਸਤਰਤ ਰੂਪ ਵਿਚ ਅਸੀਂ ਇਸ ਨੂੰ ਇਸ ਤਰ੍ਹਾਂ ਪੇਸ਼ ਕਰ ਸਕਦੇ ਹਾਂ:

> ਨਿਹਚਾ : ਕੰਮ :: ਪਵਿੱਤਰਤਾਈ : ਆਗਿਆਕਾਰੀ
> (ਜਾਂ "ਨਿਹਚਾ" "ਕੰਮਾਂ ਦੇ ਲਈ" ਜਿਵੇਂ "ਪਵਿੱਤਰਤਾਈ" "ਆਗਿਆਕਾਰੀ" ਲਈ ਹੈ)

1:2, 1:14 ਅਤੇ 1:22 ਵਿਚ, ਆਗਿਆਕਾਰੀ ਅਤੇ ਪਵਿੱਤਰਤਾਈ ਇੱਕੋ ਹੀ ਕਲਮ ਨਾਲ ਲਿਖੇ ਗਏ ਹਨ। ਜਥਾਰਥ ਰੂਪ ਵਿਚ, ਪਤਰਸ ਨੇ ਆਪਣੇ ਪਾਠਕਾਂ ਨੂੰ "ਆਗਿਆਕਾਰ ਬੱਚੇ" ਕਹਿ ਕੇ ਬੁਲਾਇਆ ਕਿਉਂਕਿ ਆਗਿਆਕਾਰੀ ਨੇ ਉਨ੍ਹਾਂ ਦੀ ਵਿਸ਼ੇਸ਼ਤਾ ਦਾ ਵਰਣਨ ਕਰਨਾ ਸੀ।[22]

1 ਪਤਰਸ ਦੇ ਪਾਠਕਾਂ ਨੇ ਇਸ ਹੱਦ ਤੱਕ "ਆਗਿਆਕਾਰੀ ਬੱਚੇ" ਬਣਨਾ ਸੀ ਕਿ ਉਨ੍ਹਾਂ ਨੇ **ਪਹਿਲੇ ਸਮੇਂ ਦੀਆਂ ਕਾਮਨਾਂ ਦੇ ਸਰੂਪ ਜੇਹੇ ਨਹੀਂ ਬਣਨਾ ਸੀ**। ਇਹ ਕਿ ਮਸੀਹ ਦੇ ਪਿੱਛੇ ਚੱਲਣ ਵਾਲਿਆਂ ਨੂੰ ਸਰੀਰ ਦੀਆਂ ਕਾਮਨਾਂ ਤੋਂ ਮੁੜਨਾ ਚਾਹੀਦਾ ਹੈ ਜੋ ਸੰਸਾਰ ਦੇ ਵਰਤਾਓ ਨੂੰ ਵੱਸ ਵਿਚ ਕਰਦੀਆਂ ਹਨ ਉਹ ਵਿਸ਼ਾ ਸੀ ਜਿਨ੍ਹਾਂ ਵੱਲ ਰਸੂਲ 4:2 ਵਿਚ ਮੁੜ ਵਾਪਸ ਜਾਵੇਗਾ। ਅਨੁਵਾਦ ਕੀਤਾ ਗਿਆ ਸ਼ਬਦ "ਕਾਮਨਾਂ" ਇੱਥੇ ਅਤੇ 4:2 ਵਿਚ (ἐπιθυμία, *ਏਪੀਥੁਮੀਆ*) ਸ਼ਾਇਦ ਚੰਗੀਆਂ ਇੱਛਾਵਾਂ ਅਤੇ ਬੁਰੀਆਂ ਇੱਛਾਵਾਂ ਲਈ ਵਰਤਿਆ ਗਿਆ ਸੀ। ਪਤਰਸ ਨੇ ਬੁਰੀਆਂ ਇੱਛਾਵਾਂ ਦਾ ਹਵਾਲਾ ਦੇਣ ਲਈ ਨਿਰੰਤਰਤਾ ਨਾਂਵ ਦੀ ਵਰਤੋਂ ਕੀਤੀ। ਇਹ ਸ਼ਬਦ ਕਿਸੇ ਵੀ ਤਰੀਕੇ ਨਾਲ ਯੌਨ ਕਿਰਿਆ ਵਾਲੀਆਂ ਇੱਛਾਵਾਂ ਤੱਕ ਸੀਮਤ ਨਹੀਂ ਹੈ। ਸ਼ਬਦ ਦਾ ਕਿਰਿਆ ਰੂਪ 1:12 ਵਿਚ ਦੂਤਾਂ ਦੀਆਂ ਇੱਛਾਵਾਂ ਲਈ ਸਕਾਰਾਤਮਕ ਰੂਪ ਵਿਚ ਵਰਤਿਆ ਗਿਆ ਸੀ।

ਉਨ੍ਹਾਂ ਦੇ ਜੀਵਨ ਦੇ ਪਹਿਲੇ ਸਮੇਂ ਦਾ ਹਵਾਲਾ ਇਹ ਇਸ਼ਾਰਾ ਕਰਦਾ ਹੈ ਕਿ ਪਤਰਸ ਦੇ ਜ਼ਿਆਦਾਤਰ ਪਾਠਕ ਪਰਾਈਆਂ ਕੌਮਾਂ ਵਿੱਚੋਂ ਮਸੀਹ ਵਿਚ ਆਏ ਸਨ। ਇਹ ਅਸੰਭਵ ਹੈ ਕਿ

ਪਤਰਸ ਇਕ ਯਹੂਦੀ ਹੋ ਕੇ ਹੋਰਨਾਂ ਯਹੂਦੀਆਂ ਦੀਆਂ ਪਹਿਲੇ ਸਮੇਂ ਦੀਆਂ ਇੱਛਾਵਾਂ ਦੀ **ਅਗਿਆਨਤਾ** ਬਾਰੇ ਨਹੀਂ ਲਿਖੇਗਾ। ਆਖ਼ਰਕਾਰ, ਯਹੂਦੀਆਂ ਨੂੰ "ਪਰਮੇਸ਼ੁਰ ਦੀਆਂ ਬਾਣੀਆਂ" ਸੌਂਪੀਆਂ ਗਈਆਂ ਸਨ (ਰੋਮੀਆਂ 3:2)। ਉਨ੍ਹਾਂ ਦਾ ਜੀਵਨ ਅਗਿਆਨਤਾ ਵਾਲਾ ਜੀਵਨ ਨਹੀਂ ਹੋਵੇਗਾ।

ਜਦੋਂ ਪਤਰਸ ਨੇ ਕਿਹਾ ਕਿ ਉਸ ਦੇ ਪਾਠਕਾਂ ਨੇ "ਸਰੂਪ ਜੇਹੇ ਨਹੀਂ ਬਣਨਾ," ਤਾਂ ਉਸ ਨੇ συσχηματίζομαι (*ਸੁਸਚੇਮੈਟੀਜ਼ੋਮਾਈ*) ਸ਼ਬਦ ਵਰਤਿਆ,[23] ਜੋ ਨਵੇਂ ਨੇਮ ਵਿਚ ਸਿਰਫ ਇੱਥੇ ਅਤੇ ਰੋਮੀਆਂ 12:2 ਵਿਚ ਆਉਂਦਾ ਹੈ। ਇੱਥੇ ਅਤੇ 2:1 ਦੋਵੇਂ ਥਾਵਾਂ ਤੇ 1 ਪਤਰਸ ਅਤੇ ਰੋਮੀਆਂ 12:1, 2 ਵਿਚਕਾਰ ਸ਼ਾਬਦਿਕ ਸਮਾਨਤਾਵਾਂ ਪਾਈਆਂ ਜਾਂਦੀਆਂ ਹਨ। ਇਹ ਸੰਭਵ ਹੈ ਕਿ ਪਤਰਸ ਨੇ ਰੋਮੀਆਂ ਦੀ ਪੱਤ੍ਰੀ ਪੜ੍ਹੀ ਸੀ ਅਤੇ ਉਸ ਦੀ ਆਪਣੀ ਪੱਤ੍ਰੀ ਵਿਚ ਪੌਲੁਸ ਦੀਆਂ ਸ਼ਬਦਾਵਲੀਆਂ ਨੂੰ ਸ਼ਾਮਲ ਕੀਤਾ ਸੀ। ਪਤਰਸ ਦੇ ਸ਼ਬਦ ਇਹ ਭਾਵ ਦਿੰਦੇ ਹਨ ਕਿ ਵਿਸ਼ਵਾਸੀਆਂ ਨੇ ਸਰੀਰ ਦੀਆਂ ਇੱਛਾਵਾਂ ਨੂੰ ਉਨ੍ਹਾਂ ਨੂੰ ਉਨ੍ਹਾਂ ਦੇ ਪਹਿਲੇ ਸਮੇਂ ਦੇ ਜੀਵਨ ਵਿਚ ਵਾਪਸ ਲੈ ਕੇ ਨਹੀਂ ਸੀ ਜਾਣ ਦੇਣਾ (ਵੇਖੋ 4:2)। ਉਸ ਨੇ 4:3 ਵਿਚ ਕੁਝ ਗੱਲਾਂ ਦੀ ਸੂਚੀ ਦਿੱਤੀ ਹੈ ਜੋ ਕਿ ਉਨ੍ਹਾਂ ਦੀ ਵਿਸ਼ੇਸ਼ਤਾ ਦਾ ਵਰਣਨ ਕਰਦੀ ਹੈ (ਵੇਖੋ ਗਲਾਤੀਆਂ 5:19–21)। ਮਾਈਕਲਸ ਨੇ ਇਸ ਵਾਕ ਦਾ ਇਸ ਤਰ੍ਹਾਂ ਅਨੁਵਾਦ ਕੀਤਾ ਹੈ, "ਉਨ੍ਹਾਂ ਮਨੋਵੇਗਾਂ ਦੇ ਅੱਗੇ ਨਾ ਝੁਕੋ ਜਿਨ੍ਹਾਂ ਨੇ ਤੁਹਾਨੂੰ ਇਕ ਵਾਰ ਉਤੇਜਿਤ ਕਰ ਦਿੱਤਾ ਸੀ।"[24] ਜੇਕਰ ਉਨ੍ਹਾਂ ਨੇ ਇਸ ਤਰ੍ਹਾਂ ਕਰਨਾ ਹੁੰਦਾ, ਤਾਂ ਉਨ੍ਹਾਂ ਨੇ ਆਪਣੇ ਆਪ ਨੂੰ ਜੀਵਨ ਦੇ ਉਸ ਨਮੂਨੇ ਤੇ ਚੱਲਦੇ ਹੋਏ ਪਾਉਣਾ ਸੀ ਜੋ ਪਹਿਲੇ ਸਮੇਂ ਵਿਚ ਉਨ੍ਹਾਂ ਦੀ ਵਿਸ਼ੇਸ਼ਤਾ ਦਾ ਵਰਣਨ ਕਰਦਾ ਸੀ ਅਤੇ ਜਿਸ ਨੇ ਉਨ੍ਹਾਂ ਦੇ ਹਾਣੀਆਂ ਦੀ ਵਿਸ਼ੇਸ਼ਤਾ ਦਾ ਵਰਣਨ ਕਰਨਾ ਵੀ ਜਾਰੀ ਰੱਖਿਆ ਸੀ। ਸਭ ਤੋਂ ਭੈੜੀ ਗੱਲ ਇਹ ਹੋਣੀ ਸੀ ਕਿ ਉਨ੍ਹਾਂ ਨੂੰ ਆਪਣੇ ਆਪ ਨੂੰ ਪਰਮੇਸ਼ੁਰ ਤੋਂ ਅੱਡ ਹੋਇਆ ਪਾਉਣਾ ਸੀ, ਜਿਸ ਤੇ ਉਨ੍ਹਾਂ ਨੇ ਆਸ ਰੱਖੀ ਹੋਈ ਸੀ।

ਇਹ ਗੱਲ ਧਿਆਨ ਦੇਣ ਯੋਗ ਹੈ ਕਿ ਪਤਰਸ ਨੇ ਆਪਣੇ ਪਾਠਕਾਂ ਦੀਆਂ ਪਹਿਲੇ ਸਮੇਂ ਦੀਆਂ ਬੁਰੀਆਂ ਇੱਛਾਵਾਂ ਨੂੰ ਉਨ੍ਹਾਂ ਦੀ ਪਹਿਲੇ ਸਮੇਂ ਦੀ "ਅਗਿਆਨਾਤਾ" ਨਾਲ ਜੋੜਿਆ ਸੀ। ਪਰਮੇਸ਼ੁਰ ਨੂੰ ਜਾਣਨ ਵਿਚ ਅਸਫ਼ਲ ਹੋਣ ਤੇ, ਪਰਾਈ ਕੌਮ ਦਾ ਜਗਤ ਪਾਪ ਵਿਚ ਖੁਭ ਗਿਆ। ਜਦ ਕਿ ਪਾਪ ਨੂੰ ਅਗਿਆਨਤਾ ਦੇ ਬਰਾਬਰ ਸਮਝਣਾ ਗਲਤ ਹੈ, ਇਹ ਵੀ ਸੱਚ ਹੈ ਕਿ ਪਰਕਾਸ਼ਿਤ ਮਨ ਸਮਝ ਜਾਵੇਗਾ ਕਿ ਪਾਪ ਦੇ ਪਰਿਣਾਮ ਨਸ਼ਟ ਜੀਵਨ, ਦੁਖ ਅਤੇ ਪਰਮੇਸ਼ੁਰ ਤੋਂ ਜੁਦਾਈ ਪੈਦਾ ਕਰਦੇ ਹਨ। ਪਾਪ ਅਤੇ ਅਗਿਆਨਤਾ ਸੁਭਾਵਕ ਜੋਟੀਦਾਰ ਹਨ। ਪਤਰਸ ਦੇ ਪਾਠਕ ਹੁਣ ਅਗਿਆਨਤਾ ਵਿਚ ਨਹੀਂ ਸਨ। ਉਨ੍ਹਾਂ ਨੂੰ ਖੁਸ਼ਖ਼ਬਰੀ ਸੁਣਾਈ ਗਈ ਸੀ (1:12)। ਉਨ੍ਹਾਂ ਦਾ ਉਨ੍ਹਾਂ ਦੇ ਸਰੀਰਕ ਸੁਭਾਅ ਦੀਆਂ ਇੱਛਾਵਾਂ ਦੇ ਪਿੱਛੇ ਚੱਲਣਾ ਅਗਿਆਨਤਾ ਦਾ ਸਮਰਥਨ ਹੋਣਾ ਸੀ।

**ਆਇਤ 15.** ਉਨ੍ਹਾਂ ਦੇ ਪਿਛਲੇ ਸਮੇਂ ਦੀ ਅਗਿਆਨਤਾ ਦੀ ਤੁਲਨਾ ਵਿਚ, ਠੋਸ ਵਿਰੋਧੀ ਯੋਜਕ ਸ਼ਬਦ ਦੀ ਵਰਤੋਂ ਕਰਦਿਆਂ ਅਤੇ ਪੜਨਾਂਵ ਤੇ ਜ਼ੋਰ ਦਿੰਦਿਆਂ, ਪਤਰਸ ਨੇ ਇਹ ਚਿਤਾਵਨੀ ਦਿੱਤੀ, **ਜਿਵੇਂ ਤੁਹਾਡਾ ਸੱਦਣ ਵਾਲਾ ਪਵਿੱਤਰ ਹੈ ਤੁਸੀਂ ਆਪ ਭੀ ਤਿਵੇਂ ਹੀ ਆਪਣੀ ਸਾਰੀ ਚਾਲ ਵਿੱਚ ਪਵਿੱਤਰ ਬਣੋ।** ਪਵਿੱਤਰਤਾਈ ਹਾਸਲ ਕਰਨ ਲਈ ਪਰਮੇਸ਼ੁਰ ਦੀ ਆਗਿਆਕਾਰੀ ਜ਼ਰੂਰੀ ਹੈ। ਆਇਤ 14 ਵਿਚ ਆਗਿਆਕਾਰੀ ਲਈ ਪੁਕਾਰ ਆਇਤ 15 ਵਿਚ ਪਵਿੱਤਰਤਾਈ ਲਈ ਅਪੀਲ ਦੇ ਬਰਾਬਰ ਹੈ। ਆਗਿਆਕਾਰੀ ਬੱਚੇ ਹੋਣਾ "ਪਵਿੱਤਰ" ਹੋਣਾ ਹੈ। ਪਰਮੇਸ਼ੁਰ ਪਵਿੱਤਰਤਾਈ ਦਾ ਪੈਮਾਨਾ ਹੈ। ਉਸ ਦੀ ਸੰਪੂਰਣਤਾ ਮਸੀਹੀ ਜੀਉਣ ਦਾ

ਨਿਸ਼ਾਨਾ ਹੈ। ਯਿਸੂ ਨੇ ਕਿਹਾ, "ਸੋ ਜਿਵੇਂ ਤੁਹਾਡਾ ਸੁਰਗੀ ਪਿਤਾ ਸੰਪੂਰਣ ਹੈ ਤਿਵੇਂ ਤੁਸੀਂ ਵੀ ਸੰਪੂਰਣ ਹੋਵੋ" (ਮੱਤੀ 5:48)। ਪਰਮੇਸ਼ੁਰ ਦੀ ਪਵਿੱਤਰਤਾ ਅਤੇ ਸੰਪੂਰਣਤਾ ਮਸੀਹ ਦੇ ਵਿਅਕਤਿਤਵ ਵਿੱਚ ਸਰੀਰ ਵਿੱਚ ਵੱਸਦੀ ਸੀ। ਇਸ ਲਈ ਉਸ ਦਾ ਜੀਵਨ ਵਿਸ਼ਵਾਸੀਆਂ ਲਈ ਨਮੂਨਾ ਹੈ, "ਇੱਕ ਨਮੂਨਾ ਤੁਹਾਡੇ ਲਈ ਛੱਡ ਗਿਆ ਭਈ ਤੁਸੀਂ ਉਹ ਦੀ ਪੈੜ ਉੱਤੇ ਤੁਰੋ" (1 ਪਤਰਸ 2:21)। ਮਸੀਹੀ ਲੋਕਾਂ ਨੂੰ ਆਪਣੇ ਪਾਪਾਂ ਦੇ ਲਈ ਇਹੋ ਜਿਹੇ ਬਹਾਨੇ ਬਣਾਉਣ ਦਾ ਕੋਈ ਹੱਕ ਨਹੀਂ ਹੈ ਜਿਵੇਂ ਕਿ "ਮੈਂ ਤਾਂ ਕੇਵਲ ਇਕ ਇਨਸਾਨ ਹਾਂ।" ਖੁਸ਼ਖ਼ਬਰੀ ਬਾਰੇ ਸਭ ਤੋਂ ਵਚਿੱਤਰ ਗੱਲ ਇਹ ਹੈ ਕਿ ਪਰਮੇਸ਼ੁਰ ਇਸ ਗੱਲ ਨੂੰ ਸਮਝਦਾ ਹੈ ਕਿ ਅਸੀਂ ਇਨਸਾਨ ਹਾਂ। ਉਹ ਇਨਸਾਨਾਂ ਦੀ ਬਦਚਲਨੀ ਨੂੰ ਸਮਝਦਾ ਹੈ, ਪਰ, ਉਸ ਨੇ ਆਪਣੀ ਕਿਰਪਾ ਨਾਲ, ਸਾਡੇ ਲਈ ਇਕ ਮੁਕਤੀਦਾਤਾ ਭੇਜਿਆ। ਕਿਰਪਾ ਦੇ ਰਾਹੀਂ ਮੁਕਤੀ ਹੈ, ਪਰ ਪਰਮੇਸ਼ੁਰ ਦੀ ਕਿਰਪਾ ਦਾ ਅਯੋਗ ਲਾਭ ਨਹੀਂ ਉਠਾਉਣਾ ਚਾਹੀਦਾ। ਮਨੁੱਖੀ ਜੀਵਨ ਦਾ ਨਿਸ਼ਾਨਾ ਪਵਿੱਤਰਤਾਈ ਹੈ। ਮਨੁੱਖ ਦੇ ਆਪਣੇ ਜਤਨਾਂ ਰਾਹੀਂ ਪਵਿੱਤਰਤਾਈ ਨੂੰ ਹਾਸਲ ਕਰਨ ਦੀ ਅਸਫ਼ਲਤਾ ਹੀ ਹੈ ਜੋ ਮਸੀਹੀ ਲੋਕਾਂ ਨੂੰ ਅਪਰਿਵਰਤਨਸ਼ੀਲ ਢੰਗ ਨਾਲ ਕਿਰਪਾ ਵੱਲ ਖਿੱਚ ਕੇ ਲਿਆਉਂਦੀ ਹੈ।

ਰਸੂਲ ਨੇ ਮਸੀਹੀ ਲੋਕਾਂ ਨੂੰ ਚੇਤੇ ਕਰਾਇਆ ਕਿ ਉਨ੍ਹਾਂ ਨੇ ਮੁਕਤੀ ਅਤੇ ਆਸ ਦਾ ਅਨੰਦ ਮਾਣਿਆ ਸੀ ਕਿਉਂਕਿ ਪਰਮੇਸ਼ੁਰ ਨੇ ਖੁਦ ਪਹਿਲ ਕਰਦੇ ਹੋਏ ਉਨ੍ਹਾਂ ਨੂੰ "ਸੱਦਿਆ।" ਪਤਰਸ ਨੇ ਆਪਣੇ ਪਾਠਕਾਂ ਨੂੰ ਇਹ ਚੇਤੇ ਕਰਾਉਂਦੇ ਹੋਏ ਪੱਤ੍ਰੀ ਨੂੰ ਖੋਲ੍ਹਿਆ ਕਿ ਉਹ ਪਰਮੇਸ਼ੁਰ ਦੇ ਚੁਣੇ ਹੋਏ ਲੋਕ ਹਨ। ਫਿਰ ਵੀ, ਉਸ ਦਾ ਕਹਿਣਾ ਇਹ ਨਹੀਂ ਸੀ ਕਿ ਉਹ ਉਨ੍ਹਾਂ ਦੀਆਂ ਆਪਣੀਆਂ ਇੱਛਾਵਾਂ ਤੋਂ ਸੁਤੰਤਰ ਪਰਮੇਸ਼ੁਰ ਦੇ ਕੰਮ ਦੇ ਰਾਹੀਂ ਸੱਦੇ ਗਏ ਸਨ। ਇਹ ਸੱਦਾ ਉਨ੍ਹਾਂ ਨੂੰ ਉਦੋਂ ਮਿਲਿਆ ਸੀ ਜਦੋਂ ਉਨ੍ਹਾਂ ਨੂੰ ਖੁਸ਼ਖ਼ਬਰੀ ਸੁਣਾਈ ਗਈ ਸੀ (1:12)। ਜੇਕਰ ਕੋਈ ਬੱਚਾ ਘਰੋਂ ਬਾਹਰ ਖੇਡ ਰਿਹਾ ਹੈ ਅਤੇ ਉਸ ਦੀ ਮਾਂ ਉਸ ਨੂੰ ਭੋਜਨ ਕਰਨ ਦੇ ਲਈ ਘਰ ਦੇ ਅੰਦਰ ਸੱਦਦੀ ਹੈ, ਬੱਚਾ ਉਸ ਸੱਦੇ ਨੂੰ ਅਣਦੇਖਾ ਕਰ ਸਕਦਾ ਹੈ (ਜਿਵੇਂ ਕਿ ਬੱਚੇ ਕਈ ਵਾਰ ਕਰਦੇ ਹਨ), ਜਾਂ ਉਹ ਘਰ ਦੇ ਅੰਦਰ ਆ ਸਕਦਾ ਹੈ ਅਤੇ ਆਪਣੇ ਪਰਿਵਾਰ ਨਾਲ ਮੇਜ਼ ਤੇ ਬੈਠ ਸਕਦਾ ਹੈ। ਜਦੋਂ ਤੱਕ ਉਹ ਬੱਚਾ ਖੇਡਣਾ ਜਾਰੀ ਰੱਖਦਾ ਹੈ ਉਹ ਸੱਦਿਆਂ ਹੋਇਆਂ ਵਿਚ ਨਹੀਂ ਆਵੇਗਾ। ਜੇਕਰ ਉਹ ਬੱਚਾ ਅੰਦਰ ਆ ਗਿਆ ਅਤੇ ਭੋਜਨ ਕਰਨ ਲਈ ਬੈਠ ਗਿਆ ਹੈ, ਤਾਂ ਉਹ ਸੱਦਿਆਂ ਹੋਇਆਂ ਵਿਚ ਗਿਣਿਆ ਜਾਵੇਗਾ। ਉਨ੍ਹਾਂ ਲੋਕਾਂ ਕੋਲੋਂ ਅਰਥਪੂਰਣ ਜਵਾਬ, ਆਗਿਆਕਾਰੀ ਦੀ ਮੰਗ ਕੀਤੀ ਜਾਂਦੀ ਹੈ ਜਿਹੜੇ ਸੁਣਦੇ ਹਨ ਜੇਕਰ ਉਨ੍ਹਾਂ ਨੇ ਪਰਮੇਸ਼ੁਰ ਦੇ ਸੱਦੇ ਹੋਇਆਂ ਵਿਚ ਗਿਣੇ ਜਾਣਾ ਹੈ।

"ਪਵਿੱਤਰ," "ਪਰਮੇਸ਼ੁਰ ਲਈ ਅੱਡ ਕੀਤਾ ਗਿਆ" ਬਾਰੇ ਸਕੂਲੀ ਮੁੰਡੇ ਦੀ ਪਰਿਭਾਸ਼ਾ ਮਦਦਗਾਰ ਹੈ। ਫਿਰ ਵੀ, ਪਰਿਭਾਸ਼ਾ ਦੀ ਅਪੂਰਨਤਾ ਇਸ ਵਿਚ ਸਪੱਸ਼ਟ ਹੈ ਕਿ ਪਰਮੇਸ਼ੁਰ ਪਵਿੱਤਰ ਹੈ। ਇਹ ਕਹਿਣਾ ਬਿਲਕੁਲ ਵੀ ਮਦਦਗਾਰ ਨਹੀਂ ਹੈ ਕਿ ਪਰਮੇਸ਼ੁਰ ਨੂੰ ਪਰਮੇਸ਼ੁਰ ਦੇ ਲਈ ਅੱਡ ਕੀਤਾ ਗਿਆ ਹੈ। ਪਰਮੇਸ਼ੁਰ ਦੀ ਪਵਿੱਤਰਤਾਈ ਉਸ ਦੀ ਕਮਾਲ ਦੀ ਭਿੰਨਤਾ ਅਤੇ ਉਸ ਦੀ ਭੈਦਾਇਕ ਸ਼ੋਭਾ ਰਾਹੀਂ ਪਰਗਟ ਹੁੰਦੀ ਹੈ; ਪਰ ਇਸ ਸੰਦਰਭ ਵਿਚ, ਪਤਰਸ ਨੇ ਵਿਸ਼ੇਸ਼ ਤੌਰ ਤੇ ਪਰਮੇਸ਼ੁਰ ਦੀ ਨੈਤਿਕ ਸੰਪੂਰਣਤਾ ਦਾ ਹਵਾਲਾ ਦਿੱਤਾ। ਉਸ ਦੀ ਪਵਿੱਤਰਤਾਈ ਪਹਿਲੇ ਸਮੇਂ ਦੀ ਅਗਿਆਨਤਾ ਦੀ ਵਿਪਰੀਤਤਾ ਹੈ ਜਿਸ ਦੇ ਵਿਚ ਪਤਰਸ ਦੇ ਪਾਠਕ ਰਹਿੰਦੇ ਹਨ (1:14)। ਪਰਮੇਸ਼ੁਰ ਕਦੀ ਵੀ ਉਸ ਤਰ੍ਹਾਂ ਦਾ ਵਿਹਾਰ ਨਹੀਂ ਕਰਦਾ ਜਿਵੇਂ ਲੋਕ ਅਕਸਰ ਕਰਦੇ ਹਨ, ਹੋਰਨਾਂ ਵਿਅਕਤੀ ਨੂੰ ਧਿਆਨ ਵਿਚ ਰੱਖਦੇ ਹੋਏ ਜਿਹੜੇ ਚੀਜ਼ਾਂ ਨੂੰ ਆਪਣੀ ਸਹੂਲਤ ਦੇ ਲਈ ਵਰਤਦੇ ਹਨ। ਪਰਮੇਸ਼ੁਰ ਕਦੀ ਵੀ ਈਰਖਾ ਜਾਂ ਥੋਖੇ ਨਾਲ ਕੰਮ

ਨਹੀਂ ਕਰਦਾ। ਉਹ ਹਮੇਸ਼ਾ ਆਪਣੀ ਰਚਨਾ ਦੀ ਸੁੱਖ-ਸਲਾਮਤੀ ਚਾਹੁੰਦਾ ਹੈ। ਇਸੇ ਕਰਕੇ **ਸਾਰੀ ਚਾਲ ਵਿੱਚ** ਮਸੀਹੀ ਲੋਕਾਂ ਨੇ ਪਵਿੱਤਰ ਬਣਨਾ ਹੈ। ਯੂਹੰਨਾ ਨੇ ਪਰਮੇਸ਼ੁਰ ਦੀ ਪਵਿੱਤਰਤਾਈ ਨੂੰ ਪਛਾਣ ਲਿਆ ਜਦੋਂ ਉਸ ਨੇ ਲਿਖਿਆ, "ਇਸ ਤੋਂ ਜਾਣਦੇ ਹਾਂ ਭਈ ਅਸੀਂ ਪਰਮੇਸ਼ੁਰ ਦਿਆਂ ਬਾਲਕਾਂ ਨਾਲ ਪ੍ਰੇਮ ਰੱਖਦੇ ਹਾਂ। ਕਿਉਂ ਜੋ ਪਰਮੇਸ਼ੁਰ ਦਾ ਪ੍ਰੇਮ ਇਹ ਹੈ ਭਈ ਅਸੀਂ ਉਹ ਦੇ ਹੁਕਮਾਂ ਦੀ ਪਾਲਨਾ ਕਰੀਏ ਅਤੇ ਉਹ ਦੇ ਹੁਕਮ ਔਖੇ ਨਹੀਂ ਹਨ" (1 ਯੂਹੰਨਾ 5:2, 3)। ਗਰੂਡੇਮ ਨੇ ਕਿਹਾ ਹੈ ਕਿ ਪਵਿੱਤਰਤਾਈ "ਪਰਮੇਸ਼ੁਰ ਅਤੇ ਉਸ ਦੀ ਪਵਿੱਤਰਤਾਈ ਵਿਚ ਸਹਿਜ ਗਿਆਨ ਪਰਸੰਨਤਾ ਨੂੰ ਦਿਲ ਅਤੇ ਮਨ ਦੀ ਅੰਤਰ ਧਾਰਾ ਵਜੋਂ ਬਰਕਰਾਰ ਰੱਖਣਾ ਹੈ।"[25]

**ਆਇਤ 16.** ਰਸੂਲ ਨੇ ਲੇਵੀਆਂ 11:44, 45 ਨੂੰ ਅਪੀਲ ਕੀਤੀ। ਪਰਮੇਸ਼ੁਰ ਦੀ ਪਵਿੱਤਰਤਾਈ ਤੋਂ ਬਿਨਾਂ, ਘੱਟ ਪਰਿਭਾਸ਼ਿਤ, ਅਜਿਹੇ ਭਲੀਆਂ ਅਤੇ ਬੁਰੀਆਂ, ਸਹੀ ਅਤੇ ਗਲਤ ਧਾਰਣਾਵਾਂ ਨੂੰ ਸਮਝਣ ਦਾ ਹੋਰ ਕੋਈ ਤਰੀਕਾ ਨਹੀਂ ਹੈ। ਜਦੋਂ ਪਤਰਸ ਨੇ ਮਸੀਹੀ ਲੋਕਾਂ ਨੂੰ ਪਰਮੇਸ਼ੁਰ ਵਾਂਗ ਪਵਿੱਤਰ ਬਚਨ ਦੀ ਬੇਨਤੀ ਕੀਤੀ, ਉਸ ਨੇ ਪੁਸ਼ਟੀ ਕੀਤੀ ਕਿ ਸਦਾਚਾਰਾਂ ਅਤੇ ਨੈਤਿਨਤਾ ਦਾ ਆਧਾਰ ਪਰਮੇਸ਼ੁਰ ਦੀ ਪਵਿੱਤਰਤਾਈ ਹੈ।[26] ਚੰਗੇ ਹੋਣ ਦਾ ਆਖ਼ਰੀ ਕਾਰਣ ਇਹ ਹੈ ਕਿ ਪਰਮੇਸ਼ੁਰ ਭਲਾ ਹੈ। ਵਿਸ਼ਵਾਸੀ ਲਈ ਪਵਿੱਤਰਤਾਈ ਦਾ ਅਰਥ ਹੈ ਅਨੈਤਿਕਤਾ ਅਤੇ ਸੰਸਾਰ ਦੇ ਆਦਰਸ਼ਾਂ ਤੋਂ ਜੁਦਾਈ। ਇਹ ਕਿਸੇ ਵਿਅਕਤੀ ਦਾ ਪਰਮੇਸ਼ੁਰ ਦੀ ਮਹਿਮਾ ਦੇ ਲਈ ਸਨੇਹ ਅਤੇ ਵਿਹਾਰ ਨੂੰ ਦੇਣ ਦੇ ਲਈ ਪੂਰਨ ਅਤੇ ਬੇਤਕਲਫੀ ਸਮਰਪਣ ਹੈ।[27]

1:13 ਵਿਚ ਗੰਭੀਰਤਾ ਲਈ ਸੱਦੇ, 1:16 ਵਿਚ ਪਵਿੱਤਰਤਾਈ ਲਈ ਸੱਦੇ ਅਤੇ 1:17 ਵਿਚ ਭੈ ਲਈ ਸੱਦੇ ਵਿਚਕਾਰ ਇਕ ਸੰਬੰਧ ਹੈ। ਤਿੰਨੇ ਧਾਰਣਾਵਾਂ ਪਰਮੇਸ਼ੁਰ ਦੇ ਵਜੂਦ ਵਿਚ ਉਨ੍ਹਾਂ ਦੇ ਮੂਲ ਕਾਰਨ ਲੱਭਦੀਆਂ ਹਨ। ਇਹ ਕਹਿਣਾ ਕਿ ਪਰਮੇਸ਼ੁਰ ਪਵਿੱਤਰ ਹੈ ਦਾ ਅਰਥ ਇਹ ਹੈ ਕਿ ਉਹ ਅਜਿਹੇ ਕਿਸੇ ਵੀ ਤਰ੍ਹਾਂ ਦੇ ਵਿਹਾਰ ਤੋਂ ਬਿਲਕੁਲ ਮੁਕਤ ਹੈ ਜੋ ਪਾਪੀ ਨੂੰ ਤੁੱਛ ਠਹਿਰਾਉਂਦਾ ਅਤੇ ਸ਼ਰਮਿੰਦਾ ਕਰਦਾ ਹੈ। ਉਹ ਸਚਿਆਈ, ਪ੍ਰੇਮ, ਭਲਿਆਈ ਅਤੇ ਉਸ ਅੰਦਰ ਕਈ ਹੋਰ ਇਹੋ ਜਿਹੇ ਗੁਣ ਹਨ ਜਿਨ੍ਹਾਂ ਨਾਲ ਕੋਈ ਸਮਝੌਤਾ ਨਹੀਂ ਹੈ। ਉਸ ਦੀ ਪਵਿੱਤਰਤਾਈ ਮਸੀਹ ਦੇ ਚੇਲਿਆਂ ਲਈ ਪਵਿੱਤਰਤਾਈ ਦੀ ਪ੍ਰੇਰਣਾ ਅਤੇ ਨਮੂਨਾ ਹੈ। ਮਸੀਹੀ ਵਿਅਕਤੀ ਲਈ ਪਹਿਲਾਂ ਪਰਮੇਸ਼ੁਰ ਨੂੰ ਜਾਣਨਾ ਹੈ। ਫਿਰ, ਕਿਉਂਕਿ ਉਹ ਪਰਮੇਸ਼ੁਰ ਨੂੰ ਜਾਣਦਾ ਹੈ, ਉਹ ਜਾਣਦਾ ਹੈ ਕਿ ਉਸ ਨੇ ਕਿਵੇਂ ਦਾ ਵਿਹਾਰ ਕਰਨਾ ਹੈ। ਨੈਤਿਕ ਕਦਰਾਂ ਕੀਮਤਾਂ ਦਾ ਸ੍ਰੋਤ ਥਿਓਲੋਜੀ ਹੈ।

## ਡਰ ਨਾਲ ਚੱਲਣਾ (1:17-21)

**17ਜੇ ਤੁਸੀਂ ਪਿਤਾ ਕਰਕੇ ਉਹ ਦੀ ਦੁਹਾਈ ਦਿੰਦੇ ਹੋ ਜਿਹੜਾ ਹਰੇਕ ਕੰਮ ਦੇ ਅਨੁਸਾਰ ਬਿਨਾ ਪੱਖ ਪਾਤ ਨਿਆਉਂ ਕਰਦਾ ਹੈ ਤਾਂ ਆਪਣੀ ਮੁਸਾਫ਼ਰੀ ਦਾ ਸਮਾਂ ਭੈ ਨਾਲ ਬਤੀਤ ਕਰੋ। 18ਕਿਉਂ ਜੋ ਤੁਸੀਂ ਜਾਣਦੇ ਹੋ ਭਈ ਤੁਸੀਂ ਜੋ ਆਪਣੀ ਅਕਾਰਥ ਚਾਲ ਤੋਂ ਜਿਹੜੀ ਤੁਹਾਡੇ ਵੱਡਿਆਂ ਤੋਂ ਚਲੀ ਆਈ ਹੈ ਨਿਸਤਾਰਾ ਪਾਇਆ ਸੋ ਨਾਸਵਾਨ ਵਸਤਾਂ ਅਰਥਾਤ ਚਾਂਦੀ ਸੋਨੇ ਨਾਲ ਨਹੀਂ। 19ਸਗੋਂ ਮਸੀਹ ਦੇ ਅਮੋਲਕ ਲਹੂ ਨਾਲ ਪਾਇਆ ਜਿਹੜਾ ਨਿਹਕਲੰਕ ਅਤੇ ਬੇਦਾਗ ਲੇਲੇ ਦੀ ਨਿਆਈਂ ਸੀ। 20ਉਹ ਤਾਂ ਜਗਤ ਦੀ ਨੀਂਹ ਧਰਨ ਤੋਂ**

**ਅੱਗੋਂ ਹੀ ਥਾਪਿਆ ਗਿਆ ਸੀ ਪਰ ਸਮਿਆਂ ਦੇ ਅੰਤ ਵਿੱਚ ਤੁਹਾਡੇ ਲਈ ਪਰਗਟ ਹੋਇਆ। [21]ਜਿਹੜੇ ਉਹ ਦੇ ਰਾਹੀਂ ਪਰਮੇਸ਼ੁਰ ਉੱਤੇ ਨਿਹਚਾ ਰੱਖਦੇ ਹੋ ਜਿਨ੍ਹਾਂ ਉਹ ਨੂੰ ਮੁਰਦਿਆਂ ਵਿੱਚੋਂ ਜਿਵਾਲਿਆ ਅਤੇ ਉਹ ਨੂੰ ਮਹਿਮਾ ਦਿੱਤੀ ਤਾਂ ਜੋ ਤੁਹਾਡੀ ਨਿਹਚਾ ਅਤੇ ਆਸ ਪਰਮੇਸ਼ੁਰ ਉੱਤੇ ਹੋਵੇ।**

ਪਰਮੇਸ਼ੁਰ ਇੱਕ ਪ੍ਰੇਮੀ ਪਿਤਾ ਅਤੇ ਸ਼ਾਨਦਾਰ ਨਿਆਂਈ ਹੈ। ਦੋਵੇਂ ਵਰਣਨ ਮਸੀਹੀ ਨੂੰ ਮਸੀਹ ਦੇ ਆਦਰਸ਼ ਦੇ ਅਨੁਸਾਰ ਇੱਕ ਭਲਾ ਜੀਵਨ ਜੀਉਣ ਦੇ ਲਈ ਪ੍ਰੇਰਣਾਵਾਂ ਪ੍ਰਦਾਨ ਕਰਦੇ ਹਨ।

**ਆਇਤ 17.** ਜਦੋਂ ਪਤਰਸ ਨੇ ਲਿਖਿਆ, **ਜੇ ਤੁਸੀਂ ਪਿਤਾ ਕਰਕੇ ਉਹ ਦੀ ਦੁਹਾਈ ਦਿੰਦੇ ਹੋ**, ਇਸ ਦਾ ਭਾਵ ਇਹ ਨਹੀਂ ਸੀ ਕਿ ਉਹ ਪਰਮੇਸ਼ੁਰ ਨੂੰ ਪਿਤਾ ਦੇ ਰੂਪ ਵਿੱਚ ਸੰਬੋਧਤ ਕਰਨ ਜਾਂ ਨਾ ਕਰਨ ਦੀ ਚੋਣ ਕਰ ਸਕਦੇ ਸਨ। ਇਸ ਦੀ ਬਜਾਇ, ਉਸ ਦਾ ਆਧਾਰ ਇਹ ਹੈ ਕਿ, ਇਸ ਗੱਲ ਦੇ ਵਿੱਚ ਕੋਈ ਸ਼ੱਕ ਨਹੀਂ ਹੈ ਕਿ, ਉਹ ਪਰਮੇਸ਼ੁਰ ਨੂੰ ਪਿਤਾ ਦੇ ਰੂਪ ਵਿੱਚ ਪੁਕਾਰ ਕਰ ਸਕਦੇ ਹਨ। ਨਾ ਹੀ ਇਹ ਸੁਝਾਅ ਦਿੱਤਾ ਗਿਆ ਸੀ ਕਿ, "ਤੁਹਾਨੂੰ ਪਰਮੇਸ਼ੁਰ ਨੂੰ ਪਿਤਾ ਦੇ ਰੂਪ ਵਿੱਚ ਸੰਬੋਧਤ ਕਰਨ ਦੀ ਦਲੇਰੀ ਹੈ।" ਪਤਰਸ ਨੇ ਮੰਨਿਆ ਕਿ ਇਸ ਵਾਕ ਦਾ ਉਪ ਵਾਕ "ਜੇ" ਸੱਚ ਹੋ ਸਕਦਾ ਹੈ। "ਜੇ ਤੁਸੀਂ ਪਿਤਾ ਕਰਕੇ ਉਹ ਦੀ ਦੁਹਾਈ ਦਿੰਦੇ ਹੈ . . ." ਕਿਉਂਕਿ ਪਰਮੇਸ਼ੁਰ ਨੇ ਵਿਸ਼ਵਾਸੀ ਨੂੰ ਬੁਲਾਇਆ ਹੈ (1:15), ਵਿਸ਼ਵਾਸੀ ਪਰਮੇਸ਼ੁਰ ਦੀ ਦੁਹਾਈ ਦੇ ਸਕਦਾ ਹੈ ਜਾਂ ਸਮਰਥਨ ਅਤੇ ਮਦਦ ਦੇ ਲਈ ਉਸ ਨੂੰ ਅਪੀਲ ਕਰ ਸਕਦਾ ਹੈ।

ਪਰਮੇਸ਼ੁਰ ਦਾ ਪਿਤਾ ਦਾ ਅਹੁਦਾ ਪੁਰਾਣੇ ਨੇਮ ਵਿੱਚ ਅਗਿਆਤ ਨਹੀਂ ਸੀ (ਜ਼ਬੂਰਾਂ ਦੀ ਪੋਥੀ 82:6; ਹੋਸ਼ੇਆ 11:1)। ਪਰ, ਜਦੋਂ ਯਿਸੂ ਨੇ ਪਰਮੇਸ਼ੁਰ ਨੂੰ ਇੱਕ ਪਿਤਾ ਦੇ ਰੂਪ ਵਿੱਚ ਪਰਗਟ ਕੀਤਾ ਤਾਂ ਉਸ ਨੇ ਪਰਮੇਸ਼ੁਰ ਅਤੇ ਉਸ ਦੀ ਰਚਨਾ ਦੇ ਵਿਚਕਾਰ ਇੱਕ ਵਿਅਕਤੀਗਤ ਗਤੀਸ਼ੀਲਤਾ, ਇੱਕ ਗੂੜ੍ਹ ਸੰਬੰਧ ਨੂੰ ਜੋੜ ਦਿੱਤਾ। ਸ਼ਾਇਦ ਇਸੇ ਲਈ ਯਿਸੂ ਨੇ ਸ਼ਬਦ "ਅੱਬਾ" ਨੂੰ ਆਪਣੀ ਬਗੀਚੇ ਦੀ ਪ੍ਰਾਰਥਨਾ ਵਿੱਚ ਇਸਤੇਮਾਲ ਕੀਤਾ ਸੀ (ਮਰਕੁਸ 14:36) ਕਿ ਪਿਆਰਾ ਇਬਰਾਨੀ ਸ਼ਬਦ ਯੂਨਾਨੀ ਬੋਲਣ ਵਾਲੀ ਕਲੀਸੀਆ ਦੇ ਵਿੱਚ ਭੇਜ ਦਿੱਤਾ ਗਿਆ (ਰੋਮੀਆਂ 8:15; ਗਲਾਤੀਆਂ 4:6)। ਪਤਰਸ ਦੇ ਲਈ, ਪਰਮੇਸ਼ੁਰ ਨਾ ਸਿਰਫ ਇੱਕ ਅਵਿਅਕਤੀਗਤ ਬਲ ਹੀ ਸੀ ਜੋ ਦੁਨੀਆਂ ਨੂੰ ਸੁਚਾਰੂ ਢੰਗ ਦੇ ਨਾਲ ਚਲਾ ਰਿਹਾ ਸੀ, ਨਾ ਹੀ ਉਹ ਜ਼ਿਊਸ ਵਰਗਾ ਪੱਲ ਪੱਲ ਵਿੱਚ ਬਦਲਣ ਵਾਲਾ ਦੇਵਤਾ ਸੀ, ਜੋ ਬਾਰ ਬਾਰ ਮਨੁੱਖ ਜਾਤੀ ਦੇ ਸਤਾਉਣ ਅਤੇ ਉਨ੍ਹਾਂ ਦੇ ਪੱਖ ਵਿੱਚ ਹੋ ਜਾਂਦਾ ਹੈ।

ਪਰਮੇਸ਼ੁਰ ਉਨ੍ਹਾਂ ਲੋਕਾਂ ਦਾ ਪਿਤਾ ਹੈ ਜੋ ਉਸ ਨੂੰ ਪਿਆਰ ਕਰਦੇ ਹਨ, ਪਰ ਇਹ ਪਤਰਸ ਦੇ ਦੁਆਰਾ ਕੀਤੀ ਗਈ ਮੁੱਖ ਅਪੀਲ ਨਹੀਂ ਸੀ। ਇਸ ਦੀ ਬਜਾਇ ਇਹ ਆਇਤ 17 ਦੇ ਲਈ ਜ਼ਰੂਰੀ ਭੂਮਿਕਾ ਸੀ। ਪਤਰਸ ਨੇ ਪਰਮੇਸ਼ੁਰ ਦੇ ਪਿਤਾ ਦੇ ਅਹੁਦੇ ਦੀ ਅਤੇ ਪਵਿੱਤਰਤਾ ਦੀ ਅਪੀਲ ਕੀਤੀ, ਪਰ ਉਸ ਨੇ ਆਪਣੇ ਪਾਠਕਾਂ ਨੂੰ ਇਹ ਯਾਦ ਕਰਵਾਉਣ ਤੋਂ ਵੀ ਸੰਕੋਚ ਨਹੀਂ ਕੀਤਾ ਕਿ ਪਰਮੇਸ਼ੁਰ ਇੱਕ ਨਿਆਈਂ ਵੀ ਹੈ। ਪੁਰਾਤਨ ਲੋਕਾਂ ਨੂੰ ਇਕੋ ਸਮੇਂ ਵਿੱਚ ਪਰਮੇਸ਼ੁਰ ਦੀ ਇੱਕ ਪਿਤਾ ਅਤੇ ਇੱਕ ਜਾਜਕ ਦੇ ਰੂਪ ਵਿੱਚ ਕਲਪਨਾ ਕਰਨ ਦੇ ਵਿੱਚ ਕੋਈ ਸਮੱਸਿਆ ਨਹੀਂ ਹੁੰਦੀ ਸੀ। ਉਨ੍ਹਾਂ ਨੇ ਇਹ ਸੋਚਿਆ ਹੋਵੇਗਾ ਕਿ ਇਹ ਇੱਕ ਵਿਸ਼ਵਾਸੀ ਦੇ ਲਈ ਯੋਗ ਹੈ ਕਿ ਪਰਮੇਸ਼ੁਰ ਪਿਤਾ ਦੇ ਸਾਹਮਣੇ ਡਰ ਦੇ ਨਾਲ ਅਤੇ ਸਮਰਪਣ ਦੇ ਵਿੱਚ ਗੋਡੇ ਟੇਕ ਕੇ ਹਾਜ਼ਰ ਹੋਵੇ। ਸਰਵਸ਼ਕਤੀਮਾਨ ਪਰਮੇਸ਼ੁਰ, ਪ੍ਰੇਮੀ ਪਿਤਾ ਅਤੇ ਇੱਕ ਭਸਮ ਕਰਨ ਵਾਲੀ ਅੱਗ ਵੀ ਹੈ

(ਬਿਵਸਥਾ ਸਾਰ 4:24; ਇਬਰਾਨੀਆਂ 12:29)।

ਜੇਕਰ ਮਸੀਹੀ ਕਿਸੇ ਸਿਧਾਂਤਿਕ ਜਗਤ ਵਿੱਚ ਮਾਸ ਅਤੇ ਪਾਪ ਦੇ ਭ੍ਰਿਸ਼ਟ ਪ੍ਰਭਾਵਾਂ ਤੋਂ ਰਹਿਤ ਪਰਮੇਸ਼ੁਰ ਨੂੰ ਪ੍ਰੇਮ ਕਰਨ ਦੇ ਲਈ ਜਾਂਦੇ ਹਨ ਤਾਂ ਇੱਕ ਧਰਮੀ ਜੀਵਨ ਜੀਉਣ ਦੇ ਲਈ ਇੱਕ ਪ੍ਰੇਰਣਾ ਦੇ ਰੂਪ ਵਿੱਚ ਡਰ ਦੇ ਨਾਲ ਭਰੀ ਹੋਈ ਅਪੀਲ ਕਰਨ ਦੀ ਲੋੜ ਨਹੀਂ ਹੋਵੇਗੀ। ਇਸੇ ਲਈ ਯੂਹੰਨਾ ਕਹਿ ਸਕਿਆ, "ਪੂਰਾ ਪ੍ਰੇਮ ਧੜਕੇ ਨੂੰ ਹਟਾ ਦਿੰਦਾ ਹੈ" (1 ਯੂਹੰਨਾ 4:18)। ਮਸੀਹੀ ਸਿੱਧਤਾ ਦੇ ਲਈ ਕੋਸ਼ਿਸ਼ ਕਰਦੇ ਹਨ, ਪਰ ਇਸ ਦੇ ਨਾਲ ਨਾਲ ਉਹ ਪਾਪ ਦੇ ਨਾਸ਼ ਹੋਣ ਵਾਲੇ ਪ੍ਰਭਾਵ ਵਿੱਚ ਵੀ ਬਣੇ ਰਹਿੰਦੇ ਹਨ। ਇਸੇ ਲਈ ਪਤਰਸ ਵਿਸ਼ਵਾਸੀਆਂ ਨੂੰ ਕਹਿੰਦਾ ਹੈ, **ਆਪਣੀ ਮੁਸਾਫ਼ਰੀ ਦਾ ਸਮਾ ਭੈ ਨਾਲ ਬਤੀਤ ਕਰੋ**। ਮਸੀਹੀ ਲੋਕਾਂ ਦਾ ਨਿਆਂ ਹੋਵੇਗਾ ਇਹ ਪ੍ਰੇਰਣਾ ਸਿਰਫ ਪਵਿੱਤਰਤਾ ਦਾ ਇੱਕ ਜੀਵਨ ਜੀਉਣ ਦੇ ਲਈ ਹੀ ਨਹੀਂ ਹੈ, ਪਰ ਇਹ ਇੱਕ ਪ੍ਰੇਰਣਾ ਹੈ। ਜਦ ਕਿ ਇਹ ਸੱਚ ਹੈ ਕਿ ਪਰਮੇਸ਼ੁਰ ਦਾ ਕਠੋਰ ਨਿਆਂ ਇਸ ਯੁੱਗ ਵਿੱਚ ਆਪਣੇ ਆਪ ਨੂੰ ਪਰਗਟ ਕਰਦਾ ਹੈ, ਪੌਲੁਸ ਦੇ ਮਨ ਵਿੱਚ ਉਹ ਨਿਆਂ ਸੀ ਜੋ ਇਸ ਯੁੱਗ ਦੇ ਅੰਤ ਨੂੰ ਲੈ ਆਵੇਗਾ। "ਅੰਤ ਦੇ ਸਮੇਂ ਵਿੱਚ" ਜਦੋਂ ਮੁਕਤੀ ਪਰਗਟ ਹੋਵੇਗੀ ਪਰਮੇਸ਼ੁਰ ਨਿਆਈਂ ਹੋਵੇਗਾ (1:5)।

ਸ਼ਾਇਦ ਹੀ ਇਹ ਆਕਸਮਿਕ ਹੈ ਕਿ ਪਤਰਸ ਨੇ ਹਰ ਵਿਅਕਤੀ ਦੇ ਲਈ ਪਰਮੇਸ਼ੁਰ ਦੇ ਨਿਰਪੱਖ ਨਿਆਂ ਦਾ ਉਲੇਖ ਕੀਤਾ ਹੈ। ਭਾਵੇਂ ਉਨ੍ਹਾਂ ਨੇ ਝੂਠਾ ਨਾਟਕ ਕੀਤਾ, ਪਰ ਉਸ ਸਮੇਂ ਫ਼ਰੀਸੀ ਸੱਚ ਬੋਲ ਰਹੇ ਸਨ ਜਦੋਂ ਉਹ ਇਹ ਕਹਿੰਦੇ ਹੋਏ ਯਿਸੂ ਕੋਲ ਆਏ ਕਿ ਉਹ ਕਿਸੇ ਦੀ ਪਰਵਾਹ ਨਹੀਂ ਕਰਦਾ ਹੈ: "ਤੂੰ ਮਨੁੱਖਾਂ ਦਾ ਪੱਖ ਨਹੀਂ ਕਰਦਾ" (ਮੱਤੀ 22:16)। ਪਰਮੇਸ਼ੁਰ ਦੀ ਨਿਰਪੱਖਤਾ ਦੇ ਸਾਹਮਣੇ, ਯਾਕੂਬ ਨੇ ਪਾਇਆ ਕਿ ਇਹ ਨਿੰਦਾਜਨਕ ਹੈ ਕਿ ਉਸ ਦੇ ਪਾਠਕ ਪੱਖ ਪਾਤ ਕਰਨ (ਯਾਕੂਬ 2:1–4)। ਸ਼ਾਇਦ ਮਨੁੱਖੀ ਸਮਾਜ ਵਿੱਚ ਇਸ ਤੋਂ ਵੱਧ ਕੇ ਵਿਆਪਕ ਗੱਲ ਕੋਈ ਨਹੀਂ ਹੈ ਕਿ ਇਸ ਵਿੱਚ ਸੰਸਾਰ ਦੇ "ਮਹਾਨ ਲੋਕ" ਅਤੇ "ਛੋਟੇ ਲੋਕ" ਪਾਏ ਜਾਂਦੇ ਹਨ। "ਮਹਾਨ ਲੋਕ" ਆਰਥਿਕ ਜਾਂ ਸਿਆਸੀ ਤਾਕਤ ਨੂੰ ਨਿਯੰਤ੍ਰਿਤ ਕਰਦੇ ਹਨ। ਉਹ ਦੂਜਿਆਂ ਕੋਲੋਂ ਆਦਰ ਦੀ ਉਮੀਦ ਕਰਦੇ ਅਤੇ ਆਦਰ ਪ੍ਰਾਪਤ ਕਰਦੇ ਹਨ। ਦੁਨੀਆਂ ਦੇ "ਛੋਟੇ ਲੋਕਾਂ" ਨੂੰ ਇਹ ਤਸੱਲੀ ਹੈ: ਪਰਮੇਸ਼ੁਰ ਪੱਖ ਪਾਤ ਨਹੀਂ ਕਰਦਾ ਹੈ। ਕਿਉਂਜੋ ਉਹ ਨਿਰਪੱਖ ਹੈ, ਆਖ਼ਰੀ ਦਿਨ ਇੱਕ ਮਹਾਨ ਬਦਲਾਅ ਨੂੰ ਲੈ ਕੇ ਆਵੇਗਾ। ਧਨੀ ਆਦਮੀ ਨੂੰ, ਅਬਰਾਹਾਮ ਨੇ ਕਿਹਾ, "ਬੱਚਾ, ਯਾਦ ਕਰ ਜੋ ਤੂੰ ਆਪਣੇ ਜੀਉਂਦੇ ਜੀ ਆਪਣੀਆਂ ਚੰਗੀਆਂ ਚੀਜ਼ਾਂ ਪਾ ਚੁੱਕਾ ਅਰ ਇਸੇ ਤਰਾਂ ਲਾਜ਼ਰ ਮੰਦੀਆਂ ਚੀਜ਼ਾਂ ਪਰ ਹੁਣ ਉਹ ਐੱਥੇ ਸ਼ਾਂਤ ਪਾਉਂਦਾ ਅਤੇ ਤੂੰ ਕਲਪਦਾ ਹੈਂ" (ਲੂਕਾ 16:25)। ਜਦੋਂ ਲੋਕ ਪਰਮੇਸ਼ੁਰ ਦੇ ਸਾਹਮਣੇ ਖੜੇ ਹੋਣਗੇ ਤਾਂ ਉਸ ਸਮੇਂ ਲਾਇਨ ਵਿੱਚ ਕੋਈ ਅੱਗੇ ਵੱਧਣਾ ਨਹੀਂ ਹੋਵੇਗਾ। ਪਤਰਸ ਨੇ ਇਸ ਗੱਲ ਨੂੰ ਸਪੱਸ਼ਟ ਕਰ ਦਿੱਤਾ ਕਿ ਪਰਮੇਸ਼ੁਰ **ਬਿਨਾਂ ਪੱਖ ਪਾਤ ਨਿਆਉਂ ਕਰੇਗਾ**।

ਅਰਨੈਸਟ ਬੈਸਟ ਨੇ ਸੁਝਾਅ ਦਿੱਤਾ ਕਿ ਇਸ ਕਥਨ ਦਾ ਭਾਵ ਹੈ ਕਿ ਪਰਮੇਸ਼ੁਰ ਮਸੀਹੀ ਲੋਕਾਂ ਅਤੇ ਗੈਰ ਮਸੀਹੀ ਲੋਕਾਂ ਦੇ ਵਿਚਕਾਰ ਕੋਈ ਫਰਕ ਨਹੀਂ ਕਰਦਾ ਹੈ।[28] ਨਿਸ਼ਚਤ ਰੂਪ ਵਿੱਚ ਇਸ ਦਾ ਪਤਰਸ ਦੀ ਗੱਲ ਦੇ ਨਾਲ ਕੋਈ ਸੰਬੰਧ ਨਹੀਂ ਸੀ। ਰਸੂਲ ਨੇ ਮਸੀਹੀ ਲੋਕਾਂ ਨੂੰ ਪਵਿੱਤਰ ਜੀਵਨ ਜੀਉਣ ਦੀ ਸਲਾਹ ਦਿੱਤੀ ਸੀ। ਉਸ ਨੇ ਇਹ ਯਾਦ ਦਿਵਾਉਣ ਦੇ ਦੁਆਰਾ ਨਸੀਹਤ ਦਿੱਤੀ ਕਿ ਪਰਮੇਸ਼ੁਰ ਨਿਆਈਂ ਹੈ। ਇਸ ਤੋਂ ਇਲਾਵਾ, ਪਰਮੇਸ਼ੁਰ ਹਰ ਇੱਕ ਵਿਅਕਤੀ ਦਾ ਨਿਆਂ ਉਸ ਦੇ ਕੰਮਾਂ ਦੇ ਅਨੁਸਾਰ ਕਰੇਗਾ। ਪੌਲੁਸ ਨੇ ਵੀ ਇਹੋ ਗੱਲ ਕੀਤੀ, "ਕਿਉਂ ਜੋ ਅਸਾਂ ਸਭਨਾਂ ਨੇ ਮਸੀਹ ਦੇ ਨਿਆਉਂ ਦੇ ਸਿੰਘਾਸਣ ਦੇ ਅੱਗੇ ਪਰਗਟ ਹੋਣਾ ਹੈ ਭਈ

ਹਰੇਕ ਜੋ ਕੁਝ ਉਸ ਨੇ ਦੇਹੀ ਵਿੱਚ ਕੀਤਾ ਭਾਵੇਂ ਭਲਾ ਭਾਵੇਂ ਬੁਰਾ ਆਪੋ ਆਪਣੀਆਂ ਕਰਨੀਆਂ ਦੇ ਅਨੁਸਾਰ ਉਹ ਦਾ ਫਲ ਭੋਗੇ।" (2 ਕੁਰਿੰਥੀਆਂ 5:10)। ਹਾਲਾਂਕਿ ਇਹ ਸੱਚ ਹੈ ਕਿ ਮੁਕਤੀ ਪਰਮੇਸ਼ੁਰ ਦੀ ਦਯਾ ਦੇ ਦੁਆਰਾ ਹੈ ਅਤੇ ਕੋਈ ਵੀ ਸਵਰਗ ਜਾਣ ਦੇ ਆਪਣੇ ਰਾਹ ਨੂੰ ਕਮਾ ਨਹੀਂ ਸਕਦਾ ਹੈ, ਇਹ ਵੀ ਸੱਚ ਹੈ ਕਿ ਪਰਮੇਸ਼ੁਰ ਦਾ ਨਿਆਂ ਮਨੁੱਖ ਦੇ ਕੰਮਾਂ ਦੇ ਅਧਾਰ ਤੇ ਹੁੰਦਾ ਹੈ। ਜਾਹਿਰ ਤੌਰ ਤੇ, ਜਿਵੇਂ ਯਾਕੂਬ ਨੇ ਪੁਸ਼ਟੀ ਕੀਤੀ ਹੈ, ਵਿਸ਼ਵਾਸ ਅਤੇ ਅਮਲ ਨੂੰ ਵੱਖਰਾ ਨਹੀਂ ਕੀਤਾ ਜਾ ਸਕਦਾ ਹੈ (ਯਾਕੂਬ 2:17)।

NASB ਦੇ ਅਨੁਵਾਦ ਵਿੱਚ ਯੂਨਾਨੀ ਸ਼ਬਦ παροικία (*ਪਰੋਈਕੀਆ*) **ਆਪਣੀ ਮੁਸਾਫ਼ਰੀ ਦਾ ਸਮਾਂ** ਦੇ ਪਿੱਛੇ ਆਉਂਦਾ ਹੈ। *ਪਰੋਈਕੀਆ* ਸ਼ਬਦ παρεπίδημος (*ਪਰਰੇਬੇਡੀਮੋਸ*) ਦੇ ਸਮਾਨ ਹੈ, 1:1 ਵਿੱਚ ਜਿਸ ਦਾ ਅਨੁਵਾਦ "ਜੋ ਲੋਕ ਪਰਦੇਸੀ ਦੇ ਰੂਪ ਵਿੱਚ ਰਹਿੰਦੇ ਹਨ" ਕੀਤਾ ਗਿਆ ਹੈ। ਧਰਮ ਨਿਰਪੱਖ ਯੂਨਾਨੀ ਸਮਾਜ ਵਿੱਚ, ਇਹ ਸ਼ਬਦ ਉਨ੍ਹਾਂ ਲੋਕਾਂ ਦਾ ਹਵਾਲਾ ਦਿੰਦੇ ਸਨ ਜੋ ਸ਼ਹਿਰ ਵਿੱਚ ਰਹਿੰਦੇ ਤਾਂ ਸਨ ਪਰ ਉਨ੍ਹਾਂ ਦੇ ਕੋਲ ਕੋਈ ਨਾਗਰਿਕ ਅਧਿਕਾਰ ਨਹੀਂ ਹੁੰਦਾ ਸੀ। ਸ਼ਾਇਦ ਪਤਰਸ ਦੇ ਬਹੁਤ ਸਾਰੇ ਪਾਠਕ ਜਿੱਥੇ ਰਹਿੰਦੇ ਸਨ ਅਸਲੀਅਤ ਵਿੱਚ ਉਹ ਉੱਥੋਂ ਦੇ ਨਾਗਰਿਕ ਨਾ ਹੋਣ।[29] ਸ਼ਹਿਰ ਦੀਆਂ ਸਰਕਾਰਾਂ ਦੇ ਨਾਲ ਉਨ੍ਹਾਂ ਦਾ ਕੋਈ ਵੀ ਸੰਬੰਧ ਕਿਉਂ ਨਾ ਹੋਵੇ, ਪਤਰਸ ਅਤੇ ਉਸ ਦੇ ਪਾਠਕਾਂ ਦਾ ਦੁਨਿਆਵੀ ਸੰਸਾਰ ਦੇ ਨਾਲ ਜਿੱਥੇ ਉਹ ਰਹਿੰਦੇ ਸਨ ਕੋਈ ਸਥਾਈ ਸਿਰਲੇਖ ਨਹੀਂ ਸੀ। ਪਿੱਛੋਂ ਅਬਰਾਹਾਮ ਤੋਂ ਇਹ ਸ਼ਬਦ ਪਰਦੇਸੀ, ਕਨਾਨ ਵਿੱਚ ਇੱਕ ਸੁਣੇ ਗਏ ਹਨ। ਜਦੋਂ ਕੁਲਪਤੀ ਸਾਰਾਹ ਦੇ ਸਰੀਰ ਨੂੰ ਦਫਨਾਉਣ ਦੇ ਲਈ ਇੱਕ ਸਥਾਨ ਚਾਹੁੰਦਾ ਸੀ, ਤਾਂ ਉਸ ਨੂੰ ਉੱਥੋਂ ਦੇ ਸਥਾਈ ਵਸਨੀਕਾਂ ਦੇ ਕੋਲੋਂ ਇੱਕ ਗੁਫ਼ਾ ਖਰੀਦਣੀ ਪਈ ਸੀ। ਉਸ ਨੇ ਹੇਤ ਦੇ ਪੁੱਤਰਾਂ ਨੂੰ ਕਿਹਾ, "ਮੈਂ ਪਰਦੇਸੀ ਅਰ ਤੁਹਾਡੇ ਵਿੱਚ ਪਰਾਹੁਣਾ ਹਾਂ। ਤੁਸੀਂ ਆਪਣੇ ਵਿੱਚ ਇੱਕ ਕਬਰਿਸਥਾਨ ਮੇਰੀ ਮਿਲਖ ਕਰ ਦਿਓ . . ." (ਉਤਪਤ 23:4)। ਪਰਮੇਸ਼ੁਰ ਇਸਰਾਈਲ ਨੂੰ ਇਸ ਗੱਲ ਨੂੰ ਭੁੱਲਣ ਦੀ ਇਜਾਜ਼ਤ ਨਹੀਂ ਦੇਵੇਗਾ ਕਿ ਉਹ, ਪਤਰਸ ਦੇ ਪਾਠਕਾਂ ਦੇ ਵਾਂਗ, ਮੁਸਾਫ਼ਰ ਸਨ, ਜੋ ਉਸ ਸ਼ਹਿਰ ਜਾਣ ਦੇ ਆਪਣੇ ਰਾਹ ਤੋਂ ਗੁਜ਼ਰ ਰਹੇ ਸਨ ਜਿਸ ਦਾ ਬਣਾਉਣ ਵਾਲਾ ਪਰਮੇਸ਼ੁਰ ਸੀ (ਲੇਵੀਆਂ 25:23; 1 ਇਤਹਾਸ 29:15; ਜ਼ਬੂਰਾਂ ਦੀ ਪੋਥੀ 39:12; ਇਬਰਾਨੀਆਂ 11:10)।

**ਆਇਤ 18.** ਇਹ ਵਿਸ਼ਾ 1:15, 17 ਤਕ ਜਾਰੀ ਰਹਿੰਦਾ ਹੈ। ਮਸੀਹੀ ਲੋਕਾਂ ਨੂੰ ਇੱਕ ਉੱਚੀ ਅਤੇ ਸਪੱਸ਼ਟ ਨੈਤਿਕਤਾ ਵਿੱਚ ਰਹਿਣਾ ਜ਼ਰੂਰੀ ਹੈ ਕਿਉਂਕਿ (1) ਪਰਮੇਸ਼ੁਰ ਦੀ ਪਵਿੱਤਰਤਾ ਵਿਸ਼ਵਾਸੀਆਂ ਦੇ ਵਾਸਤੇ ਵੀ ਪਵਿੱਤਰਤਾ ਲਈ ਜ਼ੋਰ ਦਿੰਦਾ ਹੈ (2) ਪਰਮੇਸ਼ੁਰ ਨਿਆਈਂ ਹੈ। ਪਰਮੇਸ਼ੁਰ ਜੋ ਪਿਤਾ ਹੈ ਉਹ ਨਿਆਈਂ ਵੀ ਹੈ। ਹੁਣ ਰਸੂਲ ਨੇ ਧਰਮੀ ਜੀਵਨ ਜੀਉਣ ਦੀ ਤੀਸਰੀ ਪ੍ਰੇਰਣਾ ਸ਼ੁਰੂ ਕੀਤੀ: ਉਹ ਖਰੀਦੇ ਗਏ ਸਨ। ਉਹ ਛੁਡਾਏ ਗਏ ਸਨ। ਰਸੂਲ ਚਾਹੁੰਦਾ ਸੀ ਕਿ ਉਸ ਦੇ ਭਰਾ ਅਤੇ ਭੈਣਾਂ ਉਹ ਲੋਕ ਹੋਣ ਜੋ ਹੋਣ ਦੇ ਲਈ ਪਰਮੇਸ਼ੁਰ ਨੇ ਉਨ੍ਹਾਂ ਨੂੰ ਖਰੀਦਿਆ ਸੀ। **ਕਿਉਂ ਜੋ ਤੁਸੀਂ** [ਉਹ] **ਜਾਣਦੇ ਹੋ ਭਈ . . . ਨਿਸਤਾਰਾ ਪਾਇਆ ਸੋ ਨਾਸਵਾਨ ਵਸਤਾਂ ਅਰਥਾਤ ਚਾਂਦੀ ਸੋਨੇ ਨਾਲ ਨਹੀਂ**, ਇਸ ਲਈ ਉਨ੍ਹਾਂ ਨੂੰ ਭੈ ਵਿੱਚ ਚੱਲਣਾ ਚਾਹੀਦਾ ਸੀ। ਉਨ੍ਹਾਂ ਦਾ ਛੁਟਕਾਰਾ ਕਾਫ਼ੀ ਮੁੱਲ ਭਰ ਕੇ ਕੀਤਾ ਗਿਆ ਸੀ। ਕ੍ਰਿਦੰਤ "ਜਾਣਨਾ" "ਜਦ ਕਿ ਤੁਸੀਂ ਜਾਣਦੇ ਹੋ," ਜਾਂ "ਕਿਉਂਕਿ ਤੁਸੀਂ ਜਾਣਦੇ ਹੋ" ਦੀ ਬਹੁਤ ਹੀ ਨੂੰ ਧਾਰਣ ਕਰ ਸਕਦਾ ਹੈ। ਕਿਸੇ ਵੀ ਹਾਲਤ ਵਿਚ, ਪਤਰਸ ਚਾਹੁੰਦਾ ਸੀ ਕਿ ਉਸ ਦੇ ਲੋਕ ਛੁਟਕਾਰਾ ਪਾਏ ਹੋਏ ਲੋਕਾਂ ਦੇ ਵਾਂਗ ਵਿਹਾਰ ਕਰਨ ਜੋ ਉਨ੍ਹਾਂ ਨੂੰ ਬਣਾਇਆ ਗਿਆ ਸੀ। ਸਾਰ ਦੇ ਰੂਪ ਵਿੱਚ, ਉਸ ਨੇ ਕਿਹਾ, "ਉਹ ਬਣੋ ਜੋ ਬਣਨ ਦੇ ਲਈ ਪਰਮੇਸ਼ੁਰ ਨੇ ਤੁਹਾਨੂੰ

ਖਰੀਦਿਆ ਹੈ।"

ਨਵਾਂ ਨੇਮ ਇਸ ਗੱਲ ਨੂੰ ਸਮਝਣ ਵਿੱਚ ਵਿਸ਼ਵਾਸੀਆਂ ਦੀ ਮਦਦ ਕਰਨ ਦੇ ਲਈ ਬਹੁਤ ਸਾਰੇ ਰੂਪਕ ਪੇਸ਼ ਕਰਦਾ ਹੈ ਕਿ ਸਲੀਬ ਉੱਤੇ ਕੀ ਹੋਇਆ ਸੀ। ਉਨ੍ਹਾਂ ਵਿੱਚੋਂ ਇੱਕ ਹੈ ਕਿ ਮਸੀਹ ਵਿਸ਼ਵਾਸੀਆਂ ਦੀਆਂ ਆਤਮਾਵਾਂ ਦੇ ਛੁਟਕਾਰੇ ਦਾ ਮੁੱਲ ਭਰਨ ਦੇ ਲਈ ਮਰਿਆ।[30] ਪਤਰਸ ਦੇ ਸਮਕਾਲੀਆਂ ਦੇ ਵਿਚਕਾਰ, "ਛੁਡਾਇਆ" ਹੋਇਆ (λυτρόομαι, *ਲਿਊਟਰੂਮਾਈ*) ਆਮ ਤੌਰ ਤੇ ਜਾਂ ਤਾਂ ਯੁੱਧ ਦੇ ਇੱਕ ਕੈਦੀ ਦੀ ਰਿਹਾਈ ਦਾ ਭੁਗਤਾਨ ਕਰਨ ਦਾ ਜਾਂ ਇੱਕ ਗੁਲਾਮ ਨੂੰ ਮੁਕਤ ਕਰਵਾਉਣ ਦੇ ਮੁੱਲ ਦਾ ਹਵਾਲਾ ਦਿੰਦਾ ਹੈ। ਯੂਨਾਨੀ ਕਿਰਿਆ ਜੋ ਪਤਰਸ ਨੇ "ਛੁਡਾਇਆ ਹੋਇਆ" ਦੇ ਲਈ ਇਸਤੇਮਾਲ ਕੀਤੀ ਉਹ ਨਵੇਂ ਨੇਮ ਵਿੱਚ ਇੰਨੀ ਸਧਾਰਣ ਨਹੀਂ ਹੈ ਜਿਵੇਂ ਮਸੀਹੀ ਆਇਤਾਂ ਵਿੱਚ ਇਸ ਦਾ ਬਾਰ ਬਾਰ ਇਸਤੇਮਾਲ ਕੀਤਾ ਜਾਣਾ ਸੁਝਾਅ ਦੇ ਸਕਦਾ ਹੈ। ਇਹ ਕਿਰਿਆ ਸਿਰਫ ਲੂਕਾ 24:21; ਤੀਤੁਸ 2:14; 1 ਪਤਰਸ 1:18 ਵਿੱਚ ਆਉਂਦੀ ਹੈ। ਦੋ ਸੰਬੰਧਤ ਨਾਂਵ ਪੰਜ ਵਾਧੂ ਵਾਰ ਵਾਪਰੇ ਹਨ (ਮੱਤੀ 20:28; ਮਰਕੁਸ 10:45; ਲੂਕਾ 1:68; 2:38; ਇਬਰਾਨੀਆਂ 9:12)। ਸਮਾਨ ਅਰਥਾਂ ਵਾਲੇ ਸ਼ਬਦ ਜਿਨ੍ਹਾਂ ਦੇ ਅਨੁਵਾਦ "ਪ੍ਰਾਸਚਿਤ" ਜਾਂ "ਨਿਸਤਾਰਾ" ਕੀਤਾ ਗਿਆ ਹੈ ਹੋਰਨਾਂ ਸਥਾਨਾਂ ਤੇ ਵੀ ਪਾਏ ਜਾਂਦੇ ਹਨ (ਰੋਮੀਆਂ 3:24; 1 ਕੁਰਿੰਥੀਆਂ 1:30; ਅਫ਼ਸੀਆਂ 1:7; ਕੁਲੁੱਸੀਆਂ 1:14; 1 ਤਿਮੋਥਿਉਸ 2:6; ਇਬਰਾਨੀਆਂ 9:15)।

ਯਿਸੂ ਨੇ ਖੁਦ ਕਿਹਾ, "ਮਨੁੱਖ ਦਾ ਪੁੱਤ੍ਰ ਆਪਣੀ ਟਹਿਲ ਕਰਾਉਣ ਨਹੀਂ ਸਗੋਂ ਟਹਿਲ ਕਰਨ ਅਤੇ ਬਹੁਤਿਆਂ ਦੇ ਥਾਂ ਨਿਸਤਾਰੇ ਦਾ ਮੁੱਲ ਭਰਨ ਨੂੰ ਆਪਣੀ ਜਾਨ ਦੇਣ ਆਇਆ" (ਮੱਤੀ 20:28; ਮਰਕੁਸ 10:45)। ਸਿਰਫ ਪਰਮੇਸ਼ੁਰ ਜਾਣਦਾ ਹੈ ਕਿ ਮਸੀਹ ਦੀ ਮੌਤ ਕਿਉਂ ਜ਼ਰੂਰੀ ਸੀ, ਕਿਵੇਂ ਮਸੀਹ ਦੀ ਮੌਤ ਮਨੁੱਖ ਦੇ ਪਾਪਾਂ ਦਾ ਨਿਸਤਾਰਾ ਬਣ ਗਈ ਅਤੇ ਕਿਵੇਂ ਸਲੀਬ ਮਨੁੱਖੀ ਪਾਪ ਦੇ ਲਈ ਭੁਗਤਾਨ ਬਣ ਗਈ ਅਤੇ ਕਿਵੇਂ ਲੇਲੇ ਦੇ ਲਹੂ ਦੇ ਦੁਆਰਾ ਪਾਪ ਮਿਟ ਗਿਆ ਹੈ। ਪੁਰਾਤਨ ਸਮੇਂ ਦੇ ਵਿੱਚ ਇਹ ਵਿਚਾਰ ਆਮ ਸੀ ਕਿ ਲਹੂ ਦੀ ਭੇਟ ਇੱਕ ਭਗਤ ਅਤੇ ਦੇਵਤੇ ਦੇ ਵਿਚਕਾਰ ਇੱਕ ਸੰਬੰਧ ਨੂੰ ਬਣਾਉਂਦੀ ਸੀ।[31] "ਮੁਕਤੀ," "ਮੇਲ ਮਿਲਾਪ" (2 ਕੁਰਿੰਥੀਆਂ 5:19) ਅਤੇ "ਪ੍ਰਾਸਚਿਤ" (1 ਯੂਹੰਨਾ 2:2) ਮਹੱਤਵਪੂਰਣ ਸ਼ਬਦ ਹਨ ਜੋ ਮਸੀਹੀ ਲੋਕਾਂ ਦੀ ਅਗਵਾਈ ਕਰਨ ਵਿੱਚ ਮਦਦ ਕਰਦੇ ਹਨ ਜਦੋਂ ਉਹ ਸਲੀਬ ਉੱਤੇ ਯਿਸੂ ਦੀ ਮੌਤ ਦੇ ਮਹੱਤਵ ਤੇ ਵਿਚਾਰ ਕਰਦੇ ਹਨ। "ਪਛਚਾਤਾਪ" ਕਾਫ਼ੀ ਮਹੱਤਵਪੂਰਣ ਇੱਕ ਚੌਥਾ ਸ਼ਬਦ ਹੈ, ਭਾਵੇਂ ਅੰਗ੍ਰੇਜ਼ੀ ਅਨੁਵਾਦਾਂ ਨੇ ਪੁਰਾਣੇ ਨੇਮ ਦੇ ਹਵਾਲਿਆਂ ਵਿੱਚ ਇਸ ਦੇ ਉਪਯੋਗ ਨੂੰ ਸੀਮਿਤ ਤੌਰ ਤੇ ਕੀਤਾ ਹੈ।[32]

ਮਸੀਹੀ ਲੋਕਾਂ ਨੂੰ **ਅਕਾਰਥ ਚਾਲ ਤੋਂ** ਖਰੀਦਿਆ ਗਿਆ ਹੈ। ਇਸ ਤੋਂ ਇਲਾਵਾ ਪਰਮੇਸ਼ੁਰ ਦੇ ਨਾਲ ਇੱਕ ਭਵਿੱਖ ਦੇ ਜੀਵਨ ਦੇ ਲਈ "ਛੁਡਾਇਆ" ਗਿਆ, ਪਤਰਸ ਦੇ ਪਾਠਕ ਜੀਵਨ ਦੇ ਉਸ ਮੰਦਭਾਗੇ ਢੰਗ ਤੋਂ "ਛੁਡਾਏ" ਜਾ ਚੁੱਕੇ ਸਨ ਜਿਸ ਦੇ ਅਨੁਸਾਰ ਇਹ ਸੰਸਾਰ ਚੱਲਦਾ ਹੈ। ਇਹ ਦੂਸਰੀ ਵਾਰ ਹੈ ਕਿ ਪਤਰਸ ਸ਼ਬਦ ἀναστροφή (*ਐਨਾਸਟ੍ਰੋਫੀ*), ਜਿਸ ਦਾ ਅਰਥ ਹੈ "ਜੀਵਨ ਦੇ ਢੰਗ, ਚਾਲ ਚਲਣ, ਵਿਹਾਰ।" ਇਹ ਉਹੀ ਸ਼ਬਦ ਹੈ ਜੋ 1:15 ਵਿੱਚ ਵਰਤਿਆ ਗਿਆ ਹੈ। ਨਵੇਂ ਨੇਮ ਵਿੱਚ ਇਹ ਸ਼ਬਦ ਤੇਰ੍ਹਾਂ ਵਾਰ ਆਇਆ ਹੈ, ਜਿਸ ਵਿੱਚੋਂ ਸਿਰਫ ਪਤਰਸ ਦੀਆਂ ਪੱਤ੍ਰੀਆਂ ਵਿੱਚ ਹੀ ਇਹ ਅੱਠ ਵਾਰ ਪਾਇਆ ਗਿਆ ਹੈ। ਸਪੱਸ਼ਟ ਤੌਰ ਤੇ, ਇਹ ਸ਼ਬਦ ਪਤਰਸ ਦੇ ਲਈ ਇੱਕ ਮਹੱਤਵਪੂਰਣ ਸ਼ਬਦ ਸੀ। ਮਸੀਹੀ ਲੋਕਾਂ ਨੂੰ ਸਿਰਫ ਪਰਮੇਸ਼ੁਰ ਦਾ ਆਦਰ ਕਰਨ ਅਤੇ ਅਨੰਤ ਵਿਰਾਸਤ ਵਿੱਚ ਹਿੱਸਾ ਲੈਣ ਦੇ ਲਈ ਹੀ ਪਵਿੱਤਰ ਜੀਵਨ

ਗੁਜ਼ਾਰਨ ਦੀ ਲੋੜ ਨਹੀਂ ਸੀ, ਪਰ ਉੱਥੇ ਇਹ ਸਵਾਲ ਵੀ ਸੀ ਕਿ ਜਿਨ੍ਹਾਂ ਪਰੀਖਿਆਵਾਂ ਦਾ ਮਸੀਹੀ ਲੋਕਾਂ ਨੇ ਸਾਹਮਣਾ ਕੀਤਾ ਉਹ ਭਾਵੇਂ ਹੋਰ ਵੀ ਬੱਦਤਰ ਹੋ ਜਾਣ ਤਾਂ ਵੀ ਉਹ ਮਸੀਹੀ ਵਿਹਾਰ ਤੋਂ ਘੱਟ ਕਿਸੇ ਗੱਲ ਦੀ ਉਦਾਹਰਣ ਨਹੀਂ ਦੇ ਸਕਦੇ ਸਨ।

ਏਸ਼ੀਆ ਦੇ ਮਸੀਹੀ ਲੋਕਾਂ ਦੀ ਅਕਾਰਥ ਚਾਲ ਜਿਸ ਦਾ ਹਵਾਲਾ ਪਤਰਸ ਨੇ ਦਿੱਤਾ ਸੀ [ਉਨ੍ਹਾਂ ਦੇ] **ਵੱਡਿਆਂ ਤੋਂ ਚਲੀ ਆਈ ਹੈ**। ਸਲੀਬ ਦੇ ਉੱਤੇ, ਯਿਸੂ ਨੇ ਮਸੀਹੀ ਲੋਕਾਂ ਨੂੰ ਉਨ੍ਹਾਂ ਦੇ ਬੇਕਾਰ ਅਤੇ ਬੇਸਹਾਰਾ ਜੀਵਨਾਂ ਤੋਂ ਛੁਟਕਾਰਾ ਦਿੱਤਾ ਸੀ। ਕਿ ਉਨ੍ਹਾਂ ਦੇ ਪਿਤਾ "ਅਕਾਰਥ" ਜੀਵਨ ਜੀਉਂਦੇ ਸਨ ਇੱਕ ਹੋਰ ਸੰਕੇਤ ਹੈ ਕਿ ਪਾਠਕਾਂ ਦਾ ਜ਼ਿਆਦਾਤਰ ਹਿੱਸਾ ਗੈਰ ਯਹੂਦੀਆਂ ਵਿੱਚੋਂ ਮਨ ਪਰਿਵਰਤਨ ਕੀਤੇ ਹੋਏ ਮਸੀਹੀ ਲੋਕਾਂ ਦਾ ਸੀ। ਪਿਛਲਿਆਂ ਯੁੱਗਾਂ ਵਿੱਚ, ਉਨ੍ਹਾਂ ਦੇ, ਗੈਰ-ਯਹੂਦੀ, ਨੇ ਪਿਤਾਵਾਂ ਨੂੰ ਪਰਮੇਸ਼ੁਰ ਦੇ ਲੋਕਾਂ ਦੀ ਵਿਰਾਸਤ ਵਿੱਚ ਕਿਸੇ ਵੀ ਹਿੱਸੇ ਵਿੱਚੋਂ ਕੱਟ ਦਿੱਤਾ ਗਿਆ ਸੀ। ਇੱਕ ਯਹੂਦੀ ਦੇ ਲਈ, ਇੱਥੋਂ ਤਕ ਕਿ ਇੱਕ ਮਨ ਪਰਿਵਰਤਨ ਕਰਕੇ ਮਸੀਹ ਵਿੱਚ ਆਏ ਯਹੂਦੀ ਦੇ ਲਈ, ਜੀਵਨ ਦੇ "ਅਕਾਰਥ" ਢੰਗ ਦੇ ਕਾਰਨ ਇੱਥੋਂ ਮੂਸਾ ਦੀ ਸ਼ਰਾ ਦੇ ਅਧੀਨ ਜੀਵਨ ਦੀ ਚਰਚਾ ਨਹੀਂ ਹੋਣੀ ਸੀ।

**ਆਇਤ 19.** ਜਿਸ ਕਿਸੇ ਚੀਜ਼ ਨੂੰ ਵੀ ਲੋਕ ਕੀਮਤੀ ਸਮਝਦੇ ਹਨ, ਨਾ ਸੋਨਾ ਜਾਂ ਚਾਂਦੀ, ਕੋਈ ਵੀ ਚੀਜ਼ ਜਿਸ ਨੂੰ ਲੋਕ ਕੀਮਤੀ ਸਮਝਦੇ ਹਨ, ਉਨ੍ਹਾਂ ਦੇ ਸਾਰੇ ਖਜ਼ਾਨਿਆਂ ਵਿੱਚੋਂ ਕੁਝ ਵੀ ਉਨ੍ਹਾਂ ਨੂੰ ਪਾਪ ਦੀ ਭ੍ਰਿਸ਼ਟ ਸ਼ਕਤੀ ਤੋਂ ਨਿਸਤਾਰਾ ਨਹੀਂ ਦੇ ਸਕਦੀ ਹੈ। ਜਿਸ ਨਿਸਤਾਰੇ ਦਾ ਮਸੀਹੀ ਲੋਕ ਅਨੰਦ ਮਾਣ ਰਹੇ ਹਨ ਉਹ **ਮਸੀਹ ਦੇ ਅਮੋਲਕ ਲਹੂ ਨਾਲ ਪਾਇਆ ਜੋ . . . ਸੀ**। ਸੰਸਾਰ ਦਾ ਸੋਨਾ ਅਤੇ ਚਾਂਦੀ ਨਾਸ਼ਵਾਨ ਅਤੇ ਅਸਥਾਈ ਹਨ। ਸੋਨਾ ਅਤੇ ਚਾਂਦੀ ਅਵਨਾਸੀ, ਨਿਰਮਲ ਅਤੇ ਨਾ ਕੁਮਲਾਉਣ ਵਾਲੀ ਕਿਸੇ ਵਿਰਾਸਤ ਦੀ ਪੇਸ਼ਕਸ਼ ਨਹੀਂ ਕਰਦੇ ਹਨ (1:4)। ਮਸੀਹ ਦਾ ਲਹੂ ਅਵਿਨਾਸ਼ੀ ਹੈ ਇਸ ਲਈ ਜੋ ਛੁਟਕਾਰੇ ਦਾ ਮੁੱਲ ਉਸ ਨੇ ਭਰਿਆ ਹੈ ਉਸ ਨੂੰ ਜੋ ਕੁਝ ਵੀ ਮਨੁੱਖ ਕਰਦਾ ਹੈ ਉਸ ਦੇ ਰਾਹੀਂ ਭ੍ਰਿਸ਼ਟ, ਮਿਸ਼ਰਤ, ਜਾਂ ਰੱਦ ਨਹੀਂ ਕੀਤਾ ਜਾ ਸਕਦਾ ਹੈ। ਨਿਸਤਾਰੇ ਨੂੰ ਉਸ ਮੁੱਲ ਦੇ ਨਾਲ ਮਾਪਣ ਦੇ ਦੁਆਰਾ ਜੋ ਭਰਿਆ ਗਿਆ ਸੀ, ਮਸੀਹੀ ਲੋਕਾਂ ਦੇ ਕੋਲ ਇੱਕ ਧਰਮੀ ਜੀਵਨ ਜੀਉਣ ਦੇ ਲਈ ਇੱਕ ਬਹੁਤ ਹੀ ਸ਼ਕਤੀਸ਼ਾਲੀ ਪ੍ਰੇਰਣਾ ਹੈ।

ਪਤਰਸ ਇਹ ਵਿਸ਼ਵਾਸ ਕਰਦਾ ਸੀ ਕਿ ਮੂਸਾ ਦੇ ਦੁਆਰਾ ਨਿਰਧਾਰਤ ਲਹੂ ਦੀ ਭੇਟ ਅਤੇ ਸਲੀਬ ਉੱਤੇ ਯਿਸੂ ਦੀ ਮੌਤ ਦੇ ਵਿਚਕਾਰ ਇੱਕ ਸਿੱਧਾ ਸੰਬੰਧ ਸੀ। ਯਿਸੂ **ਨਿਹਕਲੰਕ ਅਤੇ ਬੇਦਾਗ ਲੇਲੇ** ਦੇ ਸਮਾਨ ਸੀ ਜਦੋਂ ਉਹ ਯਹੂਦੀਆਂ ਅਤੇ ਰੋਮੀਆਂ ਦੀ ਸਾਜਿਸ਼ ਦੇ ਦੁਆਰਾ ਬਲੀ ਕੀਤਾ ਗਿਆ ਸੀ, ਜਿਵੇਂ ਉਹ ਮਨੁੱਖ ਜਾਤੀ ਦਾ ਪ੍ਰਤੀਨਿਧੀ ਹੋਵੇ। ਕੀ ਪਤਰਸ ਦੇ ਮਨ ਵਿੱਚ ਵਿਸ਼ੇਸ਼ ਤੌਰ ਤੇ ਇੱਕ ਪਸਾਹ ਦਾ ਲੇਲਾ ਹੈ? ਉੱਤਰ ਕਿਸੇ ਵੀ ਤਰ੍ਹਾਂ ਨਾਲ ਨਿਸ਼ਚਤ ਨਹੀਂ ਹੈ। ਪਹਿਲਾ, ਜਦੋਂ ਕੋਈ ਕੂਚ 12 ਅਧਿਆਇ ਵਿੱਚ ਪਸਾਹ ਦਾ ਪਾਲਣ ਕਰਨ ਦੇ ਲਈ ਹਿਦਾਇਤਾਂ ਪੜਦਾ ਹੈ ਤਾਂ ਮੁਕਤੀ ਉਹ ਪਹਿਲੀ ਚੀਜ਼ ਨਹੀਂ ਹੈ ਜੋ ਦਿਮਾਗ ਵਿੱਚ ਆਉਂਦੀ ਹੈ। ਲੇਲੇ ਦਾ ਬਲੀਦਾਨ ਇਸ ਲਈ ਸੀ ਕਿ ਇਸਰਾਈਲ ਯਾਦ ਕਰੇ ਕਿ ਪਰਮੇਸ਼ੁਰ ਉਨ੍ਹਾਂ ਨੂੰ ਮਿਸਰ ਵਿੱਚੋਂ ਚੁਣ ਅਤੇ ਛੁਡਾ ਰਿਹਾ ਹੈ। ਮੁਕਤੀ ਦਾ ਨਿਸਤਾਰੇ ਦੇ ਮੁੱਲ ਦੇ ਨਾਲ ਜੋ ਲੇਲੇ ਦੇ ਰਾਹੀਂ ਭਰਿਆ ਜਾਂਦਾ ਹੈ ਕੋਈ ਸੰਬੰਧ ਨਹੀਂ ਜਾਪਦਾ ਹੈ। ਇਹ ਸੱਚ ਹੈ ਕਿ ਭੇਡ ਦਾ ਬੱਚਾ ਨਿਹਕਲੰਕ ਹੋਣਾ ਚਾਹੀਦਾ ਹੈ (ਕੂਚ 12:5), ਪਰ ਨਿਹਕਲੰਕ ਲੇਲੇ ਦੀ ਬਲੀ ਬਲੀਦਾਨ ਦੇ ਸੰਸਕਾਰਾਂ ਦਾ ਇੱਕ ਹਿੱਸਾ ਸੀ (ਗਿਣਤੀ 28:3, 9, 11)।

ਦੂਸਰਾ, ਪਸਾਹ ਵਿੱਚ ਵਿਸ਼ੇਸ਼ ਤੌਰ ਤੇ ਇੱਕ ਲੇਲੇ ਦੀ ਹੀ ਲੋੜ ਨਹੀਂ ਹੁੰਦੀ ਸੀ। ਕੁਰਬਾਨੀ

ਇੱਜੜ ਦੇ ਛੋਟੇ ਜਾਨਵਰਾਂ ਵਿੱਚੋਂ ਇੱਕ, ਇੱਕ ਲੇਲਾ ਜਾਂ ਇੱਕ ਬੱਚਾ ਹੋ ਸਕਦਾ ਸੀ। ਤੀਸਰਾ, ਪਤਰਸ ਦਾ ਸੰਬੰਧ ਇਸ ਗੱਲ ਦੇ ਨਾਲ ਸੀ ਕਿ ਉਸ ਦੇ ਪਾਠਕ ਸੱਚਾ ਨੈਤਿਕ ਜੀਵਨ ਜੀਉਣ (1:14, 15)। ਮਸੀਹ ਦਾ ਇੱਕ ਬੇਦਾਗ ਅਤੇ ਨਿਹਕਲੰਕ ਜੀਵਨ ਮਸੀਹੀ ਵਿਹਾਰ ਦੇ ਲਈ ਇੱਕ ਨਮੂਨੇ ਦੇ ਵਾਂਗ ਮਹੱਤਵਪੂਰਣ ਸੀ। ਪਤਰਸ ਦਾ ਸੰਬੰਧ ਉਨ੍ਹਾਂ ਲੇਲਿਆਂ ਦੇ ਨਾਲ ਨਹੀਂ ਸੀ ਜੋ ਪੁਰਾਣੇ ਨੇਮ ਦੇ ਬਲੀਦਾਨਾਂ ਵਿੱਚ ਭੇਟ ਕੀਤੇ ਜਾਂਦੇ ਸਨ ਸਗੋਂ ਯਿਸੂ ਦੇ ਚਰਿੱਤਰ ਦੇ ਨਾਲ ਸੀ। ਚੌਥਾ, ਪਤਰਸ ਯਸਾਯਾਹ 53 ਅਧਿਆਇ ਵਿੱਚ ਲੇਲੇ ਦੇ ਰੂਪਕ ਦਾ ਇਸਤੇਮਾਲ ਇਸ ਲਈ ਨਹੀਂ ਕਰਦਾ, ਕਿਉਂਕਿ ਪਸਾਹ ਦੀ ਰਸਮ ਵਿੱਚ ਇਸ ਦਾ ਇਸਤੇਮਾਲ ਹੋਇਆ ਹੈ, ਸਗੋਂ ਯਸਾਯਾਹ 53 ਦੇ ਵਿੱਚ ਇਸ ਦੇ ਇਸਤੇਮਾਲ ਦੇ ਕਾਰਨ ਕਰਦਾ ਹੈ। ਉਸ ਨੇ 1 ਪਤਰਸ 2:22–25 ਵਿੱਚ ਜ਼ਿਆਦਾ ਸਪੱਸ਼ਟ ਰੂਪ ਵਿੱਚ ਯਸਾਯਾਹ ਦੀ ਸ਼ਬਦਾਵਲੀ ਨੂੰ ਲਿਆ ਸੀ।

ਉੱਪਰ ਦਿੱਤੇ ਕਾਰਨਾਂ ਦੇ ਕਾਰਨ, ਇਹ ਅਸੰਭਵ ਹੈ ਕਿ ਪਸਾਹ ਦਾ ਲੇਲਾ ਪਵਿੱਤਰ ਜੀਵਨ ਜੀਉਣ ਦੇ ਲਈ ਪਤਰਸ ਦੀ ਚੇਤਾਵਨੀ ਦੇ ਅਨੁਰੂਪ ਹੈ। ਇਸ ਤੋਂ ਇਲਾਵਾ, ਇਹ ਇੱਕ ਸੰਕੇਤ ਹੈ ਕਿ ਸਾਨੂੰ ਉਸ ਸਮੇਂ ਸਾਵਧਾਨ ਰਹਿਣਾ ਚਾਹੀਦਾ ਹੈ ਜਦੋਂ ਅਸੀਂ "ਮੇਮਣੇ" ਤੋਂ, "ਪਸਾਹ" ਵੱਲ ਕਿਵੇਂ ਮੁੜਦੇ ਹਾਂ, ਜਦੋਂ ਇਹ ਮਸੀਹ ਦੇ ਲਈ ਇੱਕ ਹਵਾਲਾ ਹੁੰਦਾ ਹੈ (ਯੂਹੰਨਾ 1:29; ਪਰਕਾਸ਼ ਦੀ ਪੋਥੀ 5:6 ਅਤੇ ਪਰਕਾਸ਼ ਦੀ ਪੋਥੀ ਵਿੱਚ ਬਹੁਤ ਵਾਰ)। ਇਹ ਸੱਚ ਹੈ ਕਿ ਪੌਲੁਸ ਨੇ "ਸਾਡੇ ਪਸਾਹ" ਦੇ ਰੂਪ ਵਿੱਚ ਯਿਸੂ ਦਾ ਉਲੇਖ ਕੀਤਾ (1 ਕੁਰਿੰਥੀਆਂ 5:7), ਪਰ ਉੱਥੇ ਮੇਮਣੇ ਦਾ ਕੋਈ ਉਲੇਖ ਨਹੀਂ ਹੈ। (ਕੁਝ ਅਨੁਵਾਦਾਂ, ਜਿਵੇਂ, NRSV ਅਤੇ NIV, ਗੈਰ ਜ਼ਰੂਰੀ ਤੌਰ ਤੇ ਸ਼ਬਦ ਜੋੜ ਦਿੱਤਾ ਗਿਆ ਹੈ।) ਅਸਲ ਵਿੱਚ, ਪੌਲੁਸ ਨੇ, ਕਿਤੇ ਵੀ ਯਿਸੂ ਦਾ ਉਲੇਖ ਇੱਕ ਮੇਮਣੇ ਦੇ ਰੂਪ ਵਿੱਚ ਨਹੀਂ ਕੀਤਾ ਹੈ। ਯਿਸੂ ਅਤੇ ਪਸਾਹ ਦੇ ਵਿਚਕਾਰ ਸਪੱਸ਼ਟ ਸੰਗਤੀ ਸਿਰਫ ਯੂਹੰਨਾ 19:36 ਵਿੱਚ ਹੈ, ਜਿੱਥੇ ਰਸੂਲ ਨੇ ਕੂਚ 12:46 ਦਾ ਹਵਾਲਾ ਦਿੱਤਾ ਹੈ ਜੋ ਇਸ ਪ੍ਰਕਾਰ ਪੂਰੀ ਹੋਈ ਕਿ ਯਿਸੂ ਦੀ ਕੋਈ ਵੀ ਹੱਡੀ ਤੋੜੀ ਨਹੀਂ ਗਈ ਸੀ। ਪਸਾਹ ਦੇ ਲੇਲੇ ਦੀ ਕੋਈ ਹੱਡੀ ਤੋੜੀ ਨਹੀਂ ਜਾਂਦੀ ਸੀ। ਪਸਾਹ ਦੇ ਮੇਮਣੇ ਦੀ ਕੋਈ ਹੱਡੀ ਤੋੜੀ ਨਾ ਜਾਵੇ। ਇੱਥੋਂ ਤਕ ਕਿ, ਇੱਕ ਲੇਲੇ ਦੇ ਰੂਪ ਵਿੱਚ ਸਾਰੇ ਅਲੰਕਾਰਿਕ ਹਵਾਲਿਆਂ ਦੇ ਨਾਲ ਪਸਾਹ ਦੇ ਲੇਲੇ ਨੂੰ ਸੰਬੰਧਤ ਕਰਨ ਦੇ ਲਈ ਇਹ ਸਭ ਤੋਂ ਵੱਧ ਅਸੁਰੱਖਿਅਤ ਹੈ।

**ਆਇਤ 20.** ਜਿਵੇਂ ਪਤਰਸ ਨੇ ਆਪਣੇ ਹਵਾਲੇ ਦੇ ਦੁਆਰਾ ਪਰਮੇਸ਼ੁਰ ਦੇ ਪੂਰਵ ਗਿਆਨ ਦੇ ਵਿਸ਼ੇ ਵਿੱਚ ਇਸ ਗੱਲ ਨੂੰ ਸਪੱਸ਼ਟ ਕਰ ਦਿੱਤਾ ਸੀ (1:2), ਕਿ ਮਸੀਹ ਅਤੇ ਉਸ ਦੀ ਕਲੀਸੀਆ ਦੇ ਆਲੇ-ਦੁਆਲੇ ਦੀਆਂ ਸਾਰੀਆਂ ਘਟਨਾਵਾਂ ਪਰਮੇਸ਼ੁਰ ਦੇ ਬਾਅਦ ਦੇ ਵਿਚਾਰ ਨਹੀਂ ਸਨ; ਨਾ ਹੀ ਕੋਈ ਆਕਸਮਿਕ ਘਟਨਾ ਨਹੀਂ ਸਨ। ਯਿਸੂ ਦੇ ਬਾਰੇ, ਰਸੂਲ ਨੇ ਕਿਹਾ, **ਉਹ ਤਾਂ ਜਗਤ ਦੀ ਨੀਂਹ ਧਰਨ ਤੋਂ ਅੱਗੋਂ ਹੀ ਥਾਪਿਆ ਗਿਆ ਸੀ।** ਭਾਵੇਂ ਯਿਸੂ ਦੇ ਦੁਆਰਾ ਮਨੁੱਖ ਦਾ ਰੂਪ ਧਾਰਣਾ ਪਰਮੇਸ਼ੁਰ ਦਾ ਪੂਰਵ ਗਿਆਨ ਹੈ ਜਿਸ ਦਾ ਪਤਰਸ ਨੇ ਦਾਅਵਾ ਕੀਤਾ, ਸ਼ਾਇਦ ਇਹ ਕਹਿਣਾ ਵੀ ਉਚਿਤ ਹੈ ਕਿ ਯਿਸੂ ਦੇ ਦੁਆਰਾ ਪਰਮੇਸ਼ੁਰ ਦੇ ਮੁਕਤੀ ਦੇ ਕਾਰਜ ਵੀ ਪੂਰਵ ਗਿਆਨ ਵਿੱਚ ਸ਼ਾਮਲ ਹਨ। "ਜੋ ਜਗਤ ਦੀ ਉਤਪਤੀ ਤੋਂ ਪਹਿਲਾਂ ਹੀ ਨਿਰਧਾਰਤ ਕੀਤਾ ਗਿਆ ਹੈ ਉਹ ਸਿਰਫ ਇਹ ਨਹੀਂ ਹੈ ਕਿ ਯਿਸੂ ਮਸੀਹ ਸੰਸਾਰ ਵਿੱਚ ਜ਼ਰੂਰ ਆਵੇਗਾ, ਪਰ ਇਹ ਕਿ ਉਸ ਨੂੰ ਇੱਕ ਖਾਸ ਭੂਮਿਕਾ ਨੂੰ ਜ਼ਰੂਰ ਪੂਰਾ ਕਰੇਗਾ।"[33] ਪਰ, ਉਸ ਛੋਟ ਦੇ ਨਾਲ ਵੀ, ਇਹ ਇਸ ਦਾਅਵੇ ਤੋਂ ਅੱਗੇ ਵਧਣ ਦੇ ਲਈ ਕਿ ਪਰਮੇਸ਼ੁਰ ਨੇ ਮਸੀਹ ਵਿੱਚ ਹੋ ਕੇ ਮਨੁੱਖ ਦੀ ਮੁਕਤੀ ਦੇ ਲਈ ਯੋਜਨਾ ਬਣਾਈ ਹੈ, ਇਸ ਸਿੱਟੇ ਤੇ ਪਹੁੰਚਣ ਦੇ ਲਈ ਇੱਕ ਬਹੁਤ ਵੱਡੀ ਛਲਾਂਗ ਹੈ ਕਿ ਹਰ ਇੱਕ ਵਿਅਕਤੀ ਦੀ ਸ਼ਾਇਦ ਹੀ ਪੂਰਵ ਨਿਰਧਾਰਤ ਕਿਸਮਤ

ਨੂੰ ਜੋ ਕਦੀ ਪੈਦਾ ਹੋਇਆ ਹੋਵੇਗਾ, ਪਰਮੇਸ਼ੁਰ ਪਹਿਲਾਂ ਤੋਂ ਹੀ ਜਾਣਦਾ ਹੈ। ਮਸੀਹੀ ਦੇ ਲਈ ਇਹ ਭਰੋਸਾ ਹੈ ਕਿ ਉਹ ਮੁਕਤੀ ਜਿਸ ਦਾ ਉਹ ਅਨੰਦ ਮਾਣਦੇ ਹਨ ਅਨੰਤ ਨਤੀਜਾ ਹੈ। ਮਸੀਹ ਜਿਸ ਨੇ ਆਪਣਾ ਲਹੂ ਬਹਾਇਆ ਜਗਤ ਦੀ ਨੀਂਹ ਧਰਨ ਤੋਂ ਪਹਿਲਾਂ ਹੀ ਪਰਮੇਸ਼ੁਰ ਦੇ ਨਾਲ ਮੌਜੂਦ ਸੀ। "ਜਗਤ ਦੀ ਨੀਂਹ" ਜਗਤ ਦੀ ਰਚਨਾ ਦੇ ਬਰਾਬਰ ਹੈ, ਜਿਵੇਂ ਇਹ ਨਵੇਂ ਨੇਮ ਵਿੱਚ ਸਧਾਰਣ ਹੈ (ਮੱਤੀ 25:34; ਯੂਹੰਨਾ 17:24; ਅਫ਼ਸੀਆਂ 1:4; ਇਬਰਾਨੀਆਂ 4:3)।

ਉਹ ਇਹ ਅਨੰਤ ਯਿਸੂ ਸੀ, ਜੋ ਜਗਤ ਦੀ ਨੀਂਹ ਰੱਖੇ ਜਾਣ ਤੋਂ ਪਹਿਲਾਂ ਤੋਂ ਹੀ ਜਾਣਿਆ ਗਿਆ, **ਪਰ ਸਮਿਆਂ ਦੇ ਅੰਤ ਵਿੱਚ ਤੁਹਾਡੇ ਲਈ ਪਰਗਟ ਹੋਇਆ**। ਇਹ ਇਸ ਲਈ ਹੋਇਆ ਹੈ ਕਿ ਜੋ ਪਰੀਖਿਆਵਾਂ ਵਿਸ਼ਵਾਸੀ ਨੇ ਸਹੀਆਂ ਹਨ ਉਹ ਅਰਥਪੂਰਣ ਹੋ ਸਕਣ। ਦੁਖ ਇਸ ਗੱਲ ਦਾ ਸੰਕੇਤ ਨਹੀਂ ਹਨ ਕਿ ਪਰਮੇਸ਼ੁਰ ਉਨ੍ਹਾਂ ਨੂੰ ਭੁੱਲ ਗਿਆ ਸੀ। ਉਹ ਆਪਣੇ ਲਈ ਇੱਕ ਕੌਮ ਚੁਣਨ ਦੇ ਪਰਮੇਸ਼ੁਰ ਦੀ ਅਨੰਤ ਯੋਜਨਾ ਵਿੱਚ ਸਾਂਝੀ ਹੋਏ ਹਨ। ਯਿਸੂ ਦਾ ਆਉਣਾ "ਤੁਹਾਡੇ ਲਈ ਸੀ।" "ਸਮਿਆਂ ਦਾ ਅੰਤ" ਉਹ ਸਮਾਂ ਹੈ ਜਿਸ ਦੇ ਵਿੱਚ ਮਸੀਹੀ ਲੋਕ ਜੀ ਰਹੇ ਹਨ। ਮਸੀਹ ਦੀ ਆਮਦ ਦੇ ਨਾਲ, ਪਰਮੇਸ਼ੁਰ ਨੇ ਨਿਰਣਾਇਕ ਕੰਮ ਕੀਤਾ ਹੈ। ਜਿੱਥੋਂ ਤਕ ਮਨੁੱਖ ਦੀ ਮੁਕਤੀ ਦਾ ਸੰਬੰਧ ਹੈ, ਪਰਮੇਸ਼ੁਰ ਨੇ ਕਿਸੇ ਵੀ ਯੋਜਨਾ ਨੂੰ ਅਧੂਰਾ ਨਹੀਂ ਛੱਡਿਆ ਹੈ। ਪਤਰਸ ਅਤੇ ਉਸ ਦੇ ਪਾਠਕ ਅੰਤ ਦੇ ਸਮਿਆਂ ਵਿੱਚ ਰਹਿੰਦੇ ਸਨ ਅਤੇ ਇੱਕੀਵੀਂ ਸਦੀ ਦੇ ਮਸੀਹੀ ਅੰਤ ਦੇ ਸਮੇਂ ਵਿੱਚ ਰਹਿੰਦੇ ਹਨ ਅਤੇ ਜਦੋਂ ਤਕ ਮਨੁੱਖੀ ਜੀਵਨ ਧਰਤੀ ਉੱਤੇ ਰਹਿੰਦਾ ਹੈ ਉਦੋਂ ਤਕ ਅੰਤ ਦੇ ਸਮੇਂ ਹੀ ਹੋਣਗੇ।

ਕਿਉਂਕਿ ਇਹ ਅੰਤ ਦੇ ਸਮੇਂ ਹਨ, ਇਸ ਲਈ ਵਿਸ਼ਵਾਸੀ ਉਮੀਦ ਕਰ ਸਕਦੇ ਹਨ ਕਿ ਪ੍ਰਭੂ ਦਾ ਆਉਣਾ, ਨਿਆਂ ਅਤੇ ਅਨੰਤਤਾ ਕਿਸੇ ਵੀ ਸਮੇਂ ਹੋ ਸਕਦਾ ਹੈ। ਜਦੋਂ ਪੌਲੁਸ ਨੇ "ਅੰਤ ਦਿਆਂ ਦਿਨਾਂ ਦੇ" ਭੈੜੇ ਸਮਿਆਂ ਦੇ ਵਿਸ਼ੇ ਵਿੱਚ ਲਿਖਿਆ ਸੀ (2 ਤਿਮੋਥਿਉਸ 3:1), ਉਹ ਆਪਣੇ ਖੁਦ ਦੇ ਦਿਨਾਂ ਦੇ ਵਿੱਚ ਲਿਖ ਰਿਹਾ ਸੀ। ਜਦੋਂ ਇਬਰਾਨੀਆਂ ਦੇ ਲੇਖਕ ਨੇ ਲਿਖਿਆ ਕਿ "ਇਨ੍ਹਾਂ ਦਿਨਾਂ ਦੇ ਅੰਤ ਵਿੱਚ" ਪਰਮੇਸ਼ੁਰ ਨੇ ਪੁੱਤਰ ਦੇ ਰਾਹੀਂ ਗੱਲ ਕੀਤੀ (ਇਬਰਾਨੀਆਂ 1:2), ਉਹ ਉਨ੍ਹਾਂ ਦਿਨਾਂ ਦੇ ਵਿਸ਼ੇ ਵਿੱਚ ਲਿਖ ਰਿਹਾ ਸੀ ਜਦੋਂ ਉਹ ਜਿਉਂਦਾ ਸੀ। ਪੌਲੁਸ ਨੇ ਪੁਰਾਣੇ ਨੇਮ ਦੀਆਂ ਘਟਨਾਵਾਂ ਦੇ ਬਾਰੇ ਕਿਹਾ "ਸਾਨੂੰ ਮੱਤ ਦੇਣ ਲਈ ਲਿਖੀਆਂ ਹੋਈਆਂ ਹਨ ਜਿਨ੍ਹਾਂ ਉੱਤੇ ਜੁੱਗਾਂ ਦੇ ਅੰਤ ਆਣ ਪਹੁੰਚੇ ਹਨ" (1 ਕੁਰਿੰਥੀਆਂ 10:11)। ਨਾਕਾਰਾਤਮਕ ਢੰਗ ਦੇ ਨਾਲ ਵਰਣਨ ਕੀਤਾ ਗਿਆ ਹੈ, ਸਾਨੂੰ ਇਹ ਨਹੀਂ ਸਮਝਣਾ ਚਾਹੀਦਾ ਹੈ ਕਿ ਨਵੇਂ ਨੇਮ ਦੇ "ਅੰਤਿਮ ਸਮੇਂ" ਜਾਂ "ਅੰਤ ਦੇ ਦਿਨ" ਪ੍ਰਭੂ ਦੇ ਪਰਗਟ ਹੋਣ ਤੋਂ ਪਹਿਲਾਂ ਦੇ ਇੱਕ ਧਾਰਮਿਕ ਯੁੱਗ ਦਾ ਉਲੇਖ ਕਰਦੇ ਹਨ। ਉਸ ਵਿੱਚ ਹਜ਼ਾਰ ਸਾਲ ਦੇ ਰਾਜ, ਉਠਾਏ ਜਾਣ ਅਤੇ ਹੋਰ ਅਜਿਹੀਆਂ ਕਲਪਨਾਵਾਂ ਦੇ ਕੋਈ ਭਾਵ ਨਹੀਂ ਹਨ। ਮਸੀਹੀ ਅੰਤ ਦੇ ਦਿਨਾਂ ਵਿੱਚ ਜੀ ਰਹੇ ਹਨ ਅਤੇ ਜਦੋਂ ਅੰਤ ਦੇ ਦਿਨ ਖਤਮ ਹੋ ਜਾਣਗੇ, ਪਰਮੇਸ਼ੁਰ ਦੀ ਮਰਜ਼ੀ ਦੇ ਮੁਤਾਬਕ, ਪ੍ਰਭੂ ਆ ਜਾਵੇਗਾ। ਨਿਆਂ ਅਤੇ ਅਨੰਤਕਾਲ ਵੀ ਆ ਜਾਵੇਗਾ।

**ਆਇਤ 21.** ਆਇਤ 20 ਵਿੱਚ ਪਤਰਸ ਨੇ ਕਿਹਾ, ਯਿਸੂ "ਤੁਹਾਡੇ ਲਈ" ਪਰਗਟ ਹੋਇਆ। ਸਪਸ਼ਟੀਕਰਨ ਦੀ ਇੱਕ ਲੋੜ ਹੈ। ਉਹ ਕੌਣ ਹਨ ਜਿਨ੍ਹਾਂ ਦੇ ਲਈ ਯਿਸੂ ਪਰਗਟ ਹੋਇਆ ਹੈ? ਰਸੂਲ ਨੇ ਕਿਹ ਇਹ ਉਨ੍ਹਾਂ ਦੇ ਲਈ ਸੀ **ਜਿਹੜੇ ਉਹ ਦੇ ਰਾਹੀਂ ਪਰਮੇਸ਼ੁਰ ਉੱਤੇ ਨਿਹਚਾ ਰੱਖਦੇ ਹੋ**। ਉਸ ਨੇ ਜੋ ਮੁਕਤੀ ਪ੍ਰਦਾਨ ਕੀਤੀ ਹੈ ਉਹ ਵਿਅਕਤੀਗਤ ਹੈ। ਪਰਮੇਸ਼ੁਰ ਯਿਸੂ ਮਸੀਹ ਦੇ ਰੂਪ ਵਿੱਚ ਅਵਾਸਤਵਿਕ ਲੋਕਾਂ ਦੇ ਲਈ ਨਹੀਂ ਆਇਆ, ਪਰ "ਤੁਹਾਡੇ

ਲਈ . . . ਵਿਸ਼ਵਾਸੀ ਹਨ," ਉਨ੍ਹਾਂ ਵਿਸ਼ਵਾਸੀਆਂ ਦੇ ਲਈ ਜੋ ਪਤਰਸ ਦੇ ਸ਼ਬਦਾਂ ਨੂੰ ਸੁਣਨਗੇ। NASB ਅਨੁਵਾਦ ਯੂਨਾਨੀ ਦੇ ਨਾਲ ਵਫ਼ਾਦਾਰ ਹੈ ਜਦੋਂ ਇਹ ਅਨੁਵਾਦ ਕਰਦਾ ਹੈ "ਵਿਸ਼ਵਾਸੀਆਂ," ਪਰ ਨਵੇਂ ਨੇਮ ਵਿੱਚ ਵਿਸ਼ਵਾਸ ਅਕਸਰ ਇੱਕ ਭਾਵਨਾ ਦੇ ਨਾਲ ਇਸਤੇਮਾਲ ਹੁੰਦਾ ਹੈ ਜੋ ਭਰੋਸੇ ਤਕ ਪਹੁੰਚਦੀ ਹੈ। REB ਅਨੁਵਾਦ ਕਰਦਾ ਹੈ, "ਉਸ ਦੇ ਦੁਆਰਾ ਤੁਸੀਂ ਪਰਮੇਸ਼ੁਰ ਤੇ ਭਰੋਸਾ ਕੀਤਾ ਹੈ।" ਉਨ੍ਹਾਂ ਨੇ ਪਰਮੇਸ਼ੁਰ ਵਿੱਚ ਵਿਸ਼ਵਾਸ ਕੀਤਾ, ਪਰ ਉਹ ਇਸ ਲਈ ਵਿਸ਼ਵਾਸ ਕਰ ਸਕੇ ਕਿਉਂਕਿ ਯਿਸੂ ਨੇ ਪਿਤਾ ਨੂੰ ਪਰਗਟ ਕੀਤਾ ਸੀ, ਇਸ ਲਈ ਏਸ਼ੀਆਈ ਮਸੀਹੀ "ਉਸ ਦੇ ਦੁਆਰਾ" ਵਿਸ਼ਵਾਸੀ ਹਨ। ਇਹ ਸਪੱਸ਼ਟ ਹੈ ਕਿ ਇਹ ਬਿਆਨ ਅਤੇ ਯੂਹੰਨਾ 14:1, 6 ਦਾ ਬਿਆਨ ਇੱਕੋ ਵਿਚਾਰ ਜਗਤ ਵਿੱਚੋਂ ਆਏ ਹਨ।[34] ਪਰਮੇਸ਼ੁਰ ਵਿੱਚ ਵਿਸ਼ਵਾਸ ਨਾਸਰਤ ਦੇ ਯਿਸੂ ਦੇ ਰਾਹੀਂ ਹੈ ਕਿਉਂਕਿ (1) ਯਿਸੂ ਨੇ ਪਿਤਾ ਦੀ ਪਹਿਚਾਣ ਇਸ ਪ੍ਰਕਾਰ ਕਰਵਾਈ ਜਿਸ ਪ੍ਰਕਾਰ ਪਹਿਲੇ ਸਮੇਂ ਦੇ ਕਿਸੇ ਨਬੀ ਜਾਂ ਬੁੱਧੀਮਾਨ ਨੇ ਨਹੀਂ ਕਰਵਾਈ ਸੀ (ਯੂਹੰਨਾ 7:28, 29; 15:15)। (2) ਯਿਸੂ ਨੇ ਪਾਪ ਦੀ ਕੰਧ ਨੂੰ ਹਟਾ ਦਿੱਤਾ ਤਾਂ ਕਿ ਮਨੁੱਖਾਂ ਦੀ ਪਰਮੇਸ਼ੁਰ ਦੇ ਨਾਲ ਸੰਗਤੀ ਹੋ ਸਕੇ (ਰੋਮੀਆਂ 5:1; 1 ਯੂਹੰਨਾ 1:7)। (3) ਇੱਥੋਂ ਤਕ ਕਿ ਹੁਣ ਵੀ, ਯਿਸੂ,ਪਰਮੇਸ਼ੁਰ ਅਤੇ ਮਨੁੱਖਾਂ ਦੇ ਵਿਚਕਾਰ ਬੇਨਤੀ ਕਰਦਾ ਹੈ (1 ਤਿਮੋਥਿਉਸ 2:5; ਇਬਰਾਨੀਆਂ 7:25)।

ਰਸੂਲ ਨੇ ਪਹਿਲਾਂ ਤੋਂ ਹੀ ਯਿਸੂ ਦੇ ਲਹੂ ਦੇ ਸਾਹਮਣੇ ਅਪੀਲ ਕੀਤੀ ਸੀ, ਮਤਲਬ ਉਸ ਦੀ ਮੌਤ ਦੀ। ਇਸ ਬਿੰਦੂ ਤਕ, ਉਸ ਨੇ ਇਸ ਗੱਲ ਨੂੰ ਸਪੱਸ਼ਟ ਕਰ ਦਿੱਤਾ ਕਿ ਜਿਹੜਾ ਸੰਦੇਸ਼ ਯਿਸੂ ਦੀ ਮੌਤ ਦਾ ਪ੍ਰਚਾਰ ਕਰਦਾ ਹੈ ਉਹ ਹਾਰ ਦਾ ਨਹੀਂ ਸਗੋਂ ਜਿੱਤ ਦਾ ਸੰਦੇਸ਼ ਹੈ, ਉਹ ਮੌਤ ਦਾ ਨਹੀਂ ਸਗੋਂ ਜੀਵਨ ਦਾ ਸੰਦੇਸ਼ ਹੈ। ਪਰਮੇਸ਼ੁਰ ਨੇ **ਉਹ ਨੂੰ ਮੁਰਦਿਆਂ ਵਿੱਚੋਂ ਜਿਵਾਲਿਆ ਅਤੇ ਉਹ ਨੂੰ ਮਹਿਮਾ ਦਿੱਤੀ**। ਪੌਲੁਸ ਨੇ ਇਸ ਗੱਲ ਤੇ ਜ਼ੋਰ ਦਿੰਦੇ ਹੋਏ ਰੋਮੀਆਂ ਦੀ ਪੱਤ੍ਰੀ ਨੂੰ ਖੋਲ੍ਹਿਆ ਕਿ ਪਰਮੇਸ਼ੁਰ ਨੇ ਯਿਸੂ ਦੇ "ਮੁਰਦਿਆਂ ਵਿੱਚੋਂ ਜੀ ਉੱਠਣ ਤੋਂ ਸਮੱਰਥਾ ਨਾਲ ਪਰਮੇਸ਼ੁਰ ਦਾ ਪੁੱਤਰ ਸਾਡਾ ਪ੍ਰਭੁ ਯਿਸੂ ਮਸੀਹ ਮਿਥਿਆ ਗਿਆ" (ਰੋਮੀਆਂ 1:4)। ਉਸ ਨੇ ਵਿਸ਼ਵਾਸ ਦੀ ਬੁਨਿਆਦੀ ਘੋਸ਼ਣਾ ਨੂੰ ਸਥਾਪਤ ਕੀਤਾ, ਜਿਸ ਨੂੰ ਮਸੀਹੀ ਧਰਮ ਦਾ ਮੂਲ ਮੰਤਰ ਕਿਹਾ ਜਾ ਸਕਦਾ ਹੈ, "ਜੋ ਮਸੀਹ ਪੁਸਤਕਾਂ ਦੇ ਅਨੁਸਾਰ ਸਾਡਿਆਂ ਪਾਪਾਂ ਦੇ ਕਾਰਨ ਮੋਇਆ ਅਤੇ ਇਹ ਕਿ ਦੱਬਿਆ ਗਿਆ ਅਤੇ ਇਹ ਕਿ ਪੁਸਤਕਾਂ ਦੇ ਅਨੁਸਾਰ ਤੀਜੇ ਦਿਹਾੜੇ ਜੀ ਉੱਠਿਆ" (1 ਕੁਰਿੰਥੀਆਂ 15:3, 4)। ਮਸੀਹੀ ਵਿਸ਼ਵਾਸ ਦਾ ਸਾਰ ਪਰਮੇਸ਼ੁਰ ਵਿੱਚ ਵਿਸ਼ਵਾਸ ਅਤੇ ਅਨੰਤ ਜੀਵਨ ਹੈ ਕਿ ਯਿਸੂ ਮੋਇਆ ਅਤੇ ਫਿਰ ਪਰਮੇਸ਼ੁਰ ਦੀ ਸਮਰੱਥ ਦੇ ਦੁਆਰਾ ਜੀ ਉੱਠਿਆ ਅਤੇ ਲੋਕਾਂ ਦੇ ਵਿਚਕਾਰ ਦਿਖਾਈ ਦਿੱਤਾ। ਜੋ "ਮਹਿਮਾ" ਪਰਮੇਸ਼ੁਰ ਨੇ ਯਿਸੂ ਨੂੰ ਦਿੱਤੀ ਉਹ ਜੀ ਉੱਠਣ ਵਿੱਚ ਸੀ, ਜਾਂ ਸ਼ਾਇਦ ਪਰਮੇਸ਼ੁਰ ਦੇ ਸੱਜੇ ਹੱਥ ਜਿੱਥੋਂ ਉਹ ਰਾਜ ਕਰਦਾ ਹੈ ਚੜ੍ਹ ਜਾਣ ਵਿੱਚ ਹੈ (ਰਸੂਲਾਂ ਦੇ ਕਰਤੱਬ 2:33; ਰੋਮੀਆਂ 8:34; 1 ਕੁਰਿੰਥੀਆਂ 15:25)। ਮਹਿਮਾ ਜਿਸ ਦਾ ਯਿਸੂ ਨੇ ਅਨੁਭਵ ਕੀਤਾ ਉਹ ਮਹਿਮਾ ਹੈ ਜਿਸ ਵਿੱਚ ਉਸ ਦੇ ਚੇਲਿਆ ਦਾ ਹਿੱਸਾ ਹੈ (1:8, 11)।

ਉਸ ਸਭ ਦਾ ਨਤੀਜਾ ਜੋ ਪਰਮੇਸ਼ੁਰ ਨੇ ਯਿਸੂ ਮਸੀਹ ਦੇ ਰਾਹੀਂ ਵਿਸ਼ਵਾਸੀਆਂ ਦੇ ਲਈ ਕੀਤਾ ਸੀ ਉਹ ਇਹ ਹੈ **ਜੋ ਤੁਹਾਡੀ ਨਿਹਚਾ ਅਤੇ ਆਸ ਪਰਮੇਸ਼ੁਰ ਉੱਤੇ ਹੋਵੇ**। ਸ਼ਬਦ "ਨਿਹਚਾ" ਅਤੇ "ਆਸ," ਖਾਸ ਤੌਰ ਤੇ ਜਦੋਂ "ਨਿਹਚਾ" ਭਰੋਸੇ ਦੇ ਰੂਪ ਵਿੱਚ ਸਮਝੀ ਜਾਂਦੀ ਹੈ, ਤਾਂ ਭਾਵੇਂ ਇਨ੍ਹਾਂ ਦੇ ਆਪਣੇ ਆਪਣੇ ਖੇਤਰ ਹਨ, ਪਰ ਅਰਥ ਵਿੱਚ ਸਮਾਨ ਹਨ। "ਨਿਹਚਾ" ਦਾ ਸੰਬੰਧ ਉਨ੍ਹਾਂ ਮੌਜੂਦਾ ਹਾਲਾਤਾਂ ਦੇ ਨਾਲ ਹੈ ਜਿਨ੍ਹਾਂ ਦੇ ਵਿੱਚ ਮਸੀਹੀ ਲੋਕ ਰਹਿੰਦੇ ਹਨ। ਪਹਿਲਾਂ

ਪਤਰਸ ਨੇ ਕਿਹਾ ਸੀ ਕਿ ਮਸੀਹੀ ਵਿਸ਼ਵਾਸ ਦੇ ਰਾਹੀਂ ਪਰਮੇਸ਼ੁਰ ਦੇ ਦੁਆਰਾ ਸੰਭਾਲੇ ਜਾਂਦੇ ਹਨ, ਫਿਰ ਉਸ ਨੇ ਕਿਹਾ, "ਭਾਵੇਂ ਹੁਣ ਉਹ ਨੂੰ ਨਹੀਂ ਵੇਖਦੇ" (1:5, 8)। "ਨਿਹਚਾ" ਦਾ ਅਰਥ ਹੈ ਪਰਮੇਸ਼ੁਰ ਦੇ ਉੱਤੇ ਭਰੋਸਾ ਰੱਖਣਾ, ਇੱਥੋਂ ਤਕ ਕਿ ਅਨੁਭਵ ਸਿੱਧ ਸਬੂਤ ਨਾ ਹੋਣ ਤੇ ਵੀ ਉਸ ਉੱਤੇ ਭਰੋਸਾ ਰੱਖਣਾ। ਦੂਜੇ ਪਾਸੇ "ਨਿਹਚਾ," ਭਵਿੱਖ-ਮੁਖੀ ਹੈ। ਜਦ ਕਿ ਮਸੀਹ ਵਿਚਲੀਆਂ ਬਰਕਤਾਂ ਦੇ ਖਜ਼ਾਨੇ ਵਿੱਚ ਪਹਿਲਾਂ ਤੋਂ ਹੀ, ਇੱਕ ਜੀਉਂਦੀ ਆਸ (1:3) ਭਵਿੱਖ ਅਤੇ ਅਨੰਤ ਵਿਰਾਸਤ ਵੱਲ ਪ੍ਰਸਾਰਿਤ ਹੈ ਜੋ ਪਰਮੇਸ਼ੁਰ ਦੇ ਕੋਲ ਵਿਸ਼ਵਾਸੀਆਂ ਦੇ ਲਈ ਰੱਖੀ ਹੋਈ ਹੈ।

## ਅਵਿਨਾਸੀ ਬੀਜ ਤੋਂ ਜਨਮ (1:22-25)

**[22]ਤੁਸਾਂ ਜੋ ਸਤ ਦੇ ਅਧੀਨ ਹੋ ਕੇ ਆਪਣੀਆਂ ਜਾਨਾਂ ਨੂੰ ਭਰੱਪਣ ਦੇ ਨਿਸ਼ਕਪਟ ਪ੍ਰੇਮ ਲਈ ਪਵਿੱਤਰ ਕੀਤਾ ਹੈ ਤਾਂ ਤਨੋਂ ਮਨੋਂ ਹੋ ਕੇ ਇੱਕ ਦੂਏ ਨਾਲ ਗੂੜ੍ਹਾ ਪ੍ਰੇਮ ਰੱਖੋ। [23]ਕਿਉਂ ਜੋ ਤੁਸੀਂ ਨਾਸਵਾਨ ਤੁਖਮ ਤੋਂ ਨਹੀਂ ਸਗੋਂ ਅਵਨਾਸੀ ਤੋਂ ਪਰਮੇਸ਼ੁਰ ਦੇ ਬਚਨ ਦੇ ਰਾਹੀਂ ਜਿਹੜਾ ਜੀਉਂਦਾ ਅਤੇ ਇਸਥਿਰ ਹੈ ਨਵੇਂ ਸਿਰਿਓਂ ਜਨਮੇ ਹੋ। [24]ਕਿਉਂਕਿ,**

**ਹਰ ਬਸ਼ਰ ਘਾਹ ਹੀ ਹੈ,**
**ਉਹ ਦਾ ਸਾਰਾ ਤੇਜ ਘਾਹ ਦੇ ਫੁੱਲ ਵਰਗਾ ਹੈ।**
**ਘਾਹ ਸੁੱਕ ਜਾਂਦਾ ਅਤੇ ਫੁੱਲ ਕੁਮਲਾ ਜਾਂਦਾ ਹੈ,**
**ਪਰ ਪ੍ਰਭੁ ਦਾ ਬਚਨ ਸਦਾ ਤੀਕ ਕਾਇਮ ਰਹਿੰਦਾ ਹੈ।**

**[25]ਅਤੇ ਇਹ ਉਹੋ ਬਚਨ ਹੈ ਜਿਹ ਦੀ ਖੁਸ਼ ਖਬਰੀ ਤੁਹਾਨੂੰ ਸੁਣਾਈ ਗਈ ਸੀ।**

ਦੂਜੀ ਵਾਰ, ਪੌਲੁਸ ਰਸੂਲ ਨੇ ਮਸੀਹੀ ਜੀਵਨ ਦਾ ਉਲੇਖ ਕੀਤਾ (1:3, 23)। ਉਸ ਨੂੰ ਕਿਹਾ, "ਨਵੇਂ ਸਿਰਿਓਂ ਜਨਮੇ ਹੋ।" ਜਦੋਂ ਪਰਮੇਸ਼ੁਰ ਨੇ ਮਸੀਹੀ ਲੋਕਾਂ ਦੇ ਪਾਪਾਂ ਨੂੰ ਮਾਫ ਕੀਤਾ ਅਤੇ ਉਨ੍ਹਾਂ ਨੂੰ ਆਪਣੇ ਨਾਲ ਮਿਲਾਇਆ ਹੈ ਤਾਂ ਚਾਹੀਦਾ ਹੈ ਕਿ ਉਨ੍ਹਾਂ ਦੇ ਜੀਵਨ ਉਸ ਕਿਸਮ ਦੇ ਲੋਕਾਂ ਨੂੰ ਪ੍ਰਤਿਬਿੰਬਿਤ ਕਰਨ ਜਿਸ ਕਿਸਮ ਦੇ ਲੋਕ ਪਰਮੇਸ਼ੁਰ ਉਨ੍ਹਾਂ ਨੂੰ ਬਣਾਉਣਾ ਚਾਹੁੰਦਾ ਹੈ।

**ਆਇਤ 22.** ਤੀਸਰੀ ਵਾਰ, ਪਤਰਸ ਨੇ ਆਪਣੇ ਪਾਠਕਾਂ ਨੂੰ **ਆਗਿਆਕਾਰ** ਹੋਣ ਲਈ ਕਿਹਾ (1:2, 14, 15, 22); ਤੀਸਰੀ ਵਾਰ ਇਸ ਗੱਲ ਨੂੰ ਸਪਸ਼ੱਟ ਕੀਤਾ ਗਿਆ ਸੀ ਕਿ ਆਗਿਆਕਾਰੀ ਅਤੇ ਪਵਿੱਤਰ ਕੀਤਾ ਗਿਆ ਦੋਵੇਂ ਇੱਕ ਹੀ ਕੱਪੜੇ ਦੇ ਦੋ ਟੁਕੜੇ ਹਨ। ਯੂਨਾਨੀ ਭਾਸ਼ਾ ਵਿੱਚ **ਪਵਿੱਤਰ ਕੀਤਾ ਗਿਆ** ਇੱਕ ਸੰਪੂਰਣ ਕ੍ਰਿਦੰਤ ਹੈ। ਕ੍ਰਿਦੰਤ ਦਾ ਬਲ ਰਿਆਇਤੀ ਵੀ ਹੋ ਸਕਦਾ ਹੈ, **ਤਾਂ ਤਨੋਂ ਮਨੋਂ . . .** , ਜਾਂ ਕਾਰਣਸੂਚਕ, "**ਤੁਸਾਂ ਜੋ . . .**" NASB ਦੇ ਅਨੁਵਾਦਕਾਂ ਨੇ ਰਿਵਾਇਤੀ ਬਲ ਨੂੰ ਚੁਣਿਆ ਹੈ: "ਤੁਸਾਂ ਜੋ ਸਤ ਦੇ ਅਧੀਨ ਹੋ ਕੇ ਆਪਣੀਆਂ ਜਾਨਾਂ ਨੂੰ ਭਰੱਪਣ ਦੇ ਨਿਸ਼ਕਪਟ ਪ੍ਰੇਮ ਲਈ ਪਵਿੱਤਰ ਕੀਤਾ ਹੈ।" ਇਹ ਸ਼ਾਇਦ ਹੀ ਸੰਯੋਗ ਦੀ ਗੱਲ ਹੈ ਕਿ ਆਗਿਆਕਾਰੀ ਅਤੇ ਪਵਿੱਤਰ ਕੀਤਾ ਜਾਣਾ 1:2, 3 ਅਤੇ 1:22, 23 ਦੋਵਾਂ ਵਿੱਚ ਨਵੇਂ ਜਨਮ ਦੀ ਇੱਕ ਯਾਦ ਦਿਵਾਉਣ ਵਿੱਚ ਅਗਵਾਈ ਕਰਦੇ ਹੋਵੇ। **ਸਤ** ਸਮਰਥਨ ਕੀਤੇ ਜਾਣ ਵਾਲੇ ਕਾਰਕਾਂ ਤੋਂ ਵੱਧ ਕੇ ਹਨ। ਸੱਚ ਨੂੰ ਮੰਨਿਆ ਜਾਣਾ ਚਾਹੀਦਾ ਹੈ। ਇਹ ਸਾਰ ਰੂਪ ਵਿੱਚ ਸਿਰਫ ਸਤ ਹੀ ਨਹੀਂ ਸੀ ਪਤਰਸ ਦੇ ਪਾਠਕਾਂ ਨੇ ਜਿਸ ਦੀ ਆਗਿਆਕਾਰੀ ਕੀਤੀ ਸੀ। ਖਾਸ ਤੌਰ ਤੇ, ਉਨ੍ਹਾਂ ਨੇ ਇੰਜੀਲ ਦੇ ਸੱਚ ਨੂੰ ਮੰਨਿਆ ਸੀ; ਉਨ੍ਹਾਂ ਨੇ ਇਸ ਸੱਚਾਈ ਨੂੰ ਮੰਨਿਆ ਸੀ ਕਿ ਯਿਸੂ ਉਨ੍ਹਾਂ ਦੇ ਲਈ ਮਰਿਆ ਸੀ ਅਤੇ ਉਨ੍ਹਾਂ ਨੇ ਸਤ ਵਿੱਚ ਜੋ ਬਹੁਤ ਹੀ

ਜ਼ਰੂਰੀ ਚੀਜ਼ ਮੌਜੂਦ ਸੀ ਉਸ ਦੇ ਪ੍ਰਤੀ ਪ੍ਰਤਿਕਿਰਿਆ ਕੀਤੀ ਸੀ। ਜਦੋਂ ਉਨ੍ਹਾਂ ਨੇ ਸਤ ਦੀ ਪਾਲਨਾ ਕੀਤੀ ਸੀ ਉਸੇ ਸਮੇਂ ਉਨ੍ਹਾਂ ਨੇ ਨਵਾਂ ਜਨਮ ਪ੍ਰਾਪਤ ਕਰ ਲਿਆ ਸੀ ਅਤੇ ਉਹ ਪਰਮੇਸ਼ੁਰ ਦੇ ਰਾਜ ਦੇ ਲਈ ਪਵਿੱਤਰ ਹੋ ਗਏ ਸਨ। ਰੇਮੰਡ ਸੀ. ਕੇਲਸੀ ਨੇ ਪਤਰਸ ਦੇ ਵਿਸ਼ੇ ਵਿੱਚ ਕਿਹਾ, "ਉਹ ਪਿੱਛੇ ਮੁੜ ਕੇ ਉਸ ਸਮੇਂ ਵੱਲ ਵੇਖ ਰਿਹਾ ਹੈ ਜਦੋਂ ਉਸ ਦੇ ਪਾਠਕਾਂ ਨੇ ਨਿਮਰਤਾ ਪੂਰਣ ਆਗਿਆਕਾਰੀ ਦੇ ਨਾਲ ਇੰਜੀਲ ਦੇ ਪ੍ਰਤੀ ਪ੍ਰਤਿਕਿਰਿਆ ਕੀਤੀ ਸੀ, ਉਹ ਸਮਾਂ ਜਦੋਂ ਉਹ ਸਤ ਦੀਆਂ ਮੰਗਾਂ ਨੂੰ ਪੂਰਾ ਕਰਨ ਦੇ ਲਈ ਸਮਰਪਿਤ ਸਨ।"[35]

ਯੂਨਾਨੀ ਪੂਰਣ ਕਾਲ ਇੱਕ ਅਜਿਹੇ ਕੰਮ ਦਾ ਹਵਾਲਾ ਦਿੰਦਾ ਹੈ ਜੋ ਭੂਤ ਕਾਲ ਦੇ ਵਿੱਚ ਹੋਇਆ ਸੀ ਪਰ ਜਿਸ ਦੇ ਸਿੱਟੇ ਵਰਤਮਾਨ ਵਿੱਚ ਵੀ ਜਾਰੀ ਹਨ। ਪਤਰਸ ਨੇ ਆਪਣੇ ਪਾਠਕਾਂ ਨੂੰ ਕਿਹਾ, "ਤੁਸਾਂ . . . ਪਵਿੱਤਰ ਕੀਤਾ ਹੈ।" ਪੂਰਣ ਕਾਲ ਦੇ ਇਸਤੇਮਾਲ ਦੇ ਦੁਆਰਾ, ਪੌਲੁਸ ਰਸੂਲ ਨੇ ਆਪਣੇ ਪਾਠਕਾਂ ਨੂੰ ਵਾਪਸ ਮੁੜ ਕੇ ਉਸ ਸਮੇਂ ਵੱਲ ਵੇਖਣ ਦਾ ਕਾਰਨ ਪ੍ਰਦਾਨ ਕੀਤਾ ਜਦੋਂ ਉਨ੍ਹਾਂ ਦਾ ਨਵਾਂ ਜਨਮ ਹੋਇਆ ਸੀ। ਸਾਲਾਂ ਪਹਿਲੇ, ਪਤਰਸ ਨੇ ਲੋਕਾਂ ਦੀ ਵੱਡੀ ਭੀੜ ਨੂੰ ਯਰੂਸ਼ਲਮ ਦੇ ਵਿੱਚ ਕਿਹਾ ਸੀ ਕਿ ਪਾਪਾਂ ਦੀ ਮਾਫੀ ਪ੍ਰਾਪਤ ਕਰਨ ਦੇ ਲਈ ਉਨ੍ਹਾਂ ਨੂੰ ਤੋਬਾ ਕਰਕੇ ਬਪਤਿਸਮਾ ਲੈਣ ਦੀ ਲੋੜ ਹੈ (ਰਸੂਲਾਂ ਦੇ ਕਰਤੱਬ 2:38)। ਜਦੋਂ ਤਿੰਨ ਹਜ਼ਾਰ ਲੋਕਾਂ ਨੇ ਉਸ ਸੱਚਾਈ ਨੂੰ ਮੰਨ ਲਿਆ ਜਿਸ ਦਾ ਪ੍ਰਚਾਰ ਪਤਰਸ ਨੇ ਕੀਤਾ ਸੀ, ਤਾਂ ਉਨ੍ਹਾਂ ਨੇ ਨਵਾਂ ਜਨਮ ਪਾਇਆ ਸੀ, ਉਨ੍ਹਾਂ ਦੀਆਂ ਆਤਮਾਵਾਂ ਸ਼ੁੱਧ ਹੋ ਗਈਆਂ ਸਨ। ਪੌਲੁਸ ਨੇ ਨਵੇਂ ਜਨਮ ਨੂੰ "ਨਵੇਂ ਜਨਮ ਦਾ ਅਸ਼ਨਾਨ," ਅਰਥਾਤ, ਇੱਕ ਨਵਾਂ ਜਨਮ (ਤੀਤੁਸ 3:5)। ਨਵੇਂ ਜਨਮ ਦਾ ਅਰਥ ਬਪਤਿਸਮੇ ਵਿੱਚ ਪਾਣੀ ਵਿੱਚ ਦਫਨਾਏ ਜਾਣ ਤੋਂ ਵੀ ਵੱਧ ਕੇ ਹੈ, ਪਰ ਪਾਣੀ ਵਿੱਚ ਦਫਨਾਏ ਜਾਣ ਬਿਨਾਂ ਕੋਈ ਵੀ ਨਵਾਂ ਜਨਮ ਨਹੀਂ ਹੋ ਸਕਦਾ ਹੈ। ਕਿਉਂਕਿ ਉਨ੍ਹਾਂ ਨੇ ਸੱਚਾਈ ਦੀ ਆਗਿਆਕਾਰੀ ਦੇ ਦੁਆਰਾ ਆਪਣੇ ਆਪ ਨੂੰ ਪਵਿੱਤਰ ਕੀਤਾ ਸੀ, ਰਸੂਲ ਨੇ ਆਪਣੇ ਪਾਠਕਾਂ ਨੂੰ ਨਵਾਂ ਜਨਮ ਪ੍ਰਾਪਤ ਕੀਤੇ ਹੋਏ ਲੋਕਾਂ ਦੇ ਵਾਂਗ ਵਿਹਾਰ ਕਰਨ।

ਜਦ ਕਿ ਮਸੀਹੀ ਲੋਕਾਂ ਨੇ ਆਪਣੀਆਂ **ਜਾਨਾਂ ਨੂੰ ਭਰੱਪਣ ਦੇ ਨਿਸ਼ਕਪਟ ਪ੍ਰੇਮ ਲਈ ਪਵਿੱਤਰ ਕੀਤਾ ਹੈ**, ਪਤਰਸ ਨੇ ਉਨ੍ਹਾਂ ਨੂੰ ਬੇਨਤੀ ਕੀਤੀ ਕਿ **ਤਨੋਂ ਮਨੋਂ ਹੋ ਕੇ ਇੱਕ ਦੂਏ ਨਾਲ ਗੂੜ੍ਹਾ ਪ੍ਰੇਮ ਰੱਖੋ**। ਕੈਲੀ ਨੇ ਲਿਖਿਆ,

> . . . ਜਦੋਂ ਉਸ ਨੇ ਮੂਰਤੀਪੂਜਕਾਂ ਦੀ ਜੀਵਨ ਸ਼ੈਲੀ ਦਾ ਵਿਰੋਧ ਕੀਤਾ ਸੀ, ਤਾਂ ਇੰਝ ਪ੍ਰਤੀਤ ਹੋ ਸਕਦਾ ਹੈ ਕਿ ਲੇਖਕ ਆਪਣੇ ਮਸੀਹੀ ਵਿਆਖਿਆ ਤੋਂ ਮੋੜ ਦਿੱਤਾ ਗਿਆ ਹੈ [1:15, 17, 18]। ਪਵਿੱਤਰਤਾ ਦੇ ਲਈ ਭਰੱਪਣ ਦੇ ਨਿਸ਼ਕਪਟ ਪ੍ਰੇਮ ਨੂੰ ਅਤੇ ਬਪਤਿਸਮਾ ਪਾਏ ਹੋਏ ਮਸੀਹੀ ਦੇ ਇੱਕ ਚਿਨ੍ਹ ਦੇ ਰੂਪ ਵਿੱਚ ਪਰਮੇਸ਼ੁਰ ਦੇ ਪ੍ਰੇਮ ਜੋੜਣ ਦੇ ਦੁਆਰਾ, ਹੁਣ ਉਹ ਇਸ ਵੱਲ ਵਾਪਸ ਮੁੜਦਾ ਹੈ।[36]

ਕਿਸੇ ਦੇ ਆਤਮਾ ਨੂੰ ਪਵਿੱਤਰ ਕਰਨਾ ਕਿਸੇ ਦੇ ਆਪਣੇ ਆਪ ਨੂੰ ਪਵਿੱਤਰ ਕਰਨ ਨਾਲੋਂ ਵੱਧ ਕੇ ਨਹੀਂ ਹੈ। ਸਖਤੀ ਦੇ ਨਾਲ ਬੋਲਦੇ ਹੋਏ, ਪਤਰਸ ਦੇ ਪਾਠਕ, ਆਪਣੇ ਆਪ ਸ਼ੁੱਧ ਨਹੀਂ ਹੋਏ ਸਨ; ਪਰ, ਪਰਮੇਸ਼ੁਰ ਨੇ ਉਨ੍ਹਾਂ ਨੂੰ ਮਾਫ ਕੀਤਾ ਸੀ ਕਿਉਂਕਿ ਯਿਸੂ ਨੇ ਉਨ੍ਹਾਂ ਨੂੰ, ਆਪਣੇ "ਅਮੋਲਕ ਲਹੂ ਨਾਲ ਜਿਹੜਾ ਨਿਹਕਲੰਕ ਅਤੇ ਬੇਦਾਗ ਲੇਲੇ ਦੀ ਨਿਆਈਂ ਸੀ" (1:19) ਛੁਡਾਇਆ ਸੀ। ਫਿਰ ਵੀ, ਸਤ ਦੇ ਅਧੀਨ ਹੋਣ ਦਾ ਫੈਸਲਾ ਉਨ੍ਹਾਂ ਦਾ ਆਪਣਾ ਫੈਸਲਾ ਰਿਹਾ ਹੈ। ਪੰਤੇਕੁਸਤ ਦੇ ਦਿਨ ਦੇ ਪਤਰਸ ਦੇ ਸੰਦੇਸ਼ ਤੋਂ ਬਾਅਦ, ਲੂਕਾ ਨੇ ਦਰਜ ਕੀਤਾ, "ਅਤੇ ਹੋਰ ਵੀ ਬਹੁਤੀਆਂ ਗੱਲਾਂ ਨਾਲ, ਉਹ ਨੇ ਸਾਖੀ ਦਿੱਤੀ, 'ਭਈ ਆਪਣੇ ਆਪ ਨੂੰ ਇਸ ਕੱਬੀ ਪੀਹੜੀ

ਕੋਲੋਂ ਬਚਾਓ'" (ਰਸੂਲਾਂ ਦੇ ਕਰਤੱਬ 2:40; NRSV)।[37] ਵਿਸ਼ਵਾਸੀਆਂ ਦਾ ਆਗਿਆਕਾਰੀ ਪ੍ਰਤਿਉੱਤਰ ਇੱਕ ਪ੍ਰਭਾਵਸ਼ਾਲੀ ਕਿਰਿਆ ਹੈ ਜਿਸ ਦਾ ਸਿੱਟਾ ਪਾਪਾਂ ਦੀ ਮਾਫ਼ੀ ਹੁੰਦਾ ਹੈ।

ਪਤਰਸ ਨੇ ਆਪਣੇ ਪਾਠਕਾਂ ਨੂੰ ਯਾਦ ਕਰਵਾਇਆ ਕਿ ਜਦੋਂ ਉਨ੍ਹਾਂ ਨੇ ਇੰਜੀਲ ਦੀ ਸ਼ਰਤ ਨੂੰ ਪੂਰਾ ਕੀਤਾ ਸੀ-ਜਦੋਂ ਉਨ੍ਹਾਂ ਨੇ ਵਿਸ਼ਵਾਸ ਕੀਤਾ, ਤੋਬਾ ਕੀਤੀ ਅਤੇ ਬਪਤਿਸਮਾ ਲਿਆ ਸੀ-ਤਾਂ ਉਹ ਇੱਕ ਅਜਿਹੇ ਲੋਕਾਂ ਦੇ ਸਮਾਜ ਵਿੱਚ ਦਾਖਲ ਹੋ ਗਏ ਸਨ ਜਿਨ੍ਹਾਂ ਦੇ ਲਈ ਆਚਰਣ ਦਾ ਕੋਈ ਵੀ ਨੇਮ ਉਸ "ਪ੍ਰੇਮ" ਨਾਲੋਂ ਵੱਧ ਕੇ ਨਹੀਂ ਹੈ ਜਿਸ ਵਿੱਚ ਉਹ ਇੱਕ ਦੂਜੇ ਦੇ ਨਾਲ ਸਹਿਭਾਗੀ ਹੋਏ ਸਨ। ਪੌਲੁਸ ਦੇ ਵਾਂਗ (1 ਕੁਰਿੰਥੀਆਂ 13:13; 1 ਥੱਸਲੁਨੀਕੀਆਂ 1:3), ਪਤਰਸ ਨੇ ਦੱਸਿਆ "ਨਿਹਚਾ," "ਆਸ" (1:21) ਅਤੇ "ਪ੍ਰੇਮ" ਅੰਦਰੂਨੀ ਬਲਾਂ ਦੇ ਰੂਪ ਵਿੱਚ ਹਨ ਜਿਨ੍ਹਾਂ ਵਿੱਚੋਂ ਜੀਵਨ ਨਿਕਲਦਾ ਹੈ। ਮਸੀਹੀ ਲੋਕਾਂ ਦੇ ਆਚਰਣ ਵਿੱਚ ਕੋਈ ਵੀ ਨਿਯਮ ਇੱਕ ਦੂਜੇ ਦਾ ਆਦਰ, ਮਾਣ ਅਤੇ ਦੇਖ ਭਾਲ ਕਰਨ ਨਾਲੋਂ ਵੱਧ ਕੇ ਨਹੀਂ ਹੈ। ਯਿਸੂ ਨੇ ਕਿਹਾ, "ਜੇ ਤੁਸੀਂ ਆਪੋ ਵਿੱਚ ਪ੍ਰੇਮ ਰੱਖੋ ਤਾਂ ਇਸੇ ਤੋਂ ਸਭ ਜਾਣਨਗੇ ਭਈ ਤੁਸੀਂ ਮੇਰੇ ਚੇਲੇ ਹੋ" (ਯੂਹੰਨਾ 13:35)। ਯੂਹੰਨਾ ਨੇ ਜੋੜਿਆ, "ਕਿਉਂ ਜੋ ਉਹ ਸਮਾਚਾਰ ਜਿਹੜਾ ਤੁਸਾਂ ਮੁੱਢੋਂ ਸੁਣਿਆ ਸੋ ਇਹ ਹੈ ਭਈ ਅਸੀਂ ਇੱਕ ਦੂਏ ਨਾਲ ਪ੍ਰੇਮ ਰੱਖੀਏ" (1 ਯੂਹੰਨਾ 3:11)।

ਪਤਰਸ ਨੇ ਜੋ ਸ਼ਬਦ "ਭਰੱਪਣ ਦਾ ਪ੍ਰੇਮ" ਵਰਤਿਆ ਉਹ φιλαδελφία (*ਫਿਲਡੇਲਫਿਯਾ*) ਹੈ, ਜਿਸ ਦਾ ਉਚਾਰਣ ਪੈਨਸਿਲਵੇਨੀਆ ਸ਼ਹਿਰ ਦੇ ਵਾਂਗ ਹੈ ਜਿਸ ਦਾ ਇਹ ਨਾਮ ਹੈ। ਉਸ ਨੇ ਦੁਬਾਰਾ ਇਸ ਦਾ ਇਸਤੇਮਾਲ 3:8 ਆਇਤ ਵਿੱਚ ਕੀਤਾ। ਸਤ ਦੇ ਅਧੀਨ ਹੋਏ ਹਨ, ਆਪਣੇ ਆਪ ਨੂੰ ਪਵਿੱਤਰ ਕੀਤਾ ਹੈ, ਉਸੇ ਸਮੇਂ ਇੱਕ ਅਜਿਹੇ ਸਮਾਜ ਵਿੱਚ ਸ਼ਾਮਲ ਹੋਣ ਦਾ ਸਮਾਂ ਹੈ ਜਿਸ ਵਿੱਚ ਸਾਰੇ ਸਾਥੀ, ਭਰਾ ਅਤੇ ਭੈਣਾਂ ਸਨ। ਮਨੁੱਖ ਜਾਤੀ ਨਾਲ ਆਪਣੇ ਪ੍ਰੇਮ ਦੇ ਕਾਰਨ, ਯਿਸੂ ਨੇ ਮਨੁੱਖ ਦਾ ਰੂਪ ਧਾਰਿਆ ਹੈ (ਯੂਹੰਨਾ 3:16)। ਇੱਕ ਭਾਵ ਹੁੰਦਾ ਹੈ ਜਿਸ ਵਿੱਚ ਮਸੀਹ ਦੇ ਚੇਲੇ, ਪ੍ਰਭੂ ਦੀ ਉਦਾਹਰਣ ਦੇ ਅਨੁਸਾਰ ਚੱਲਦੇ ਹਨ, ਉਹ ਹੈ ਸਾਰੀ ਮਨੁੱਖ ਜਾਤੀ ਦੇ ਨਾਲ ਪਿਆਰ। ਫਿਰ ਵੀ, ਵਿਸ਼ਵਾਸੀਆਂ ਦੇ ਪਰਿਵਾਰ ਦੇ ਵਿੱਚ ਪਿਆਰ ਦਾ ਬੰਧਨ ਪ੍ਰੇਮ ਦੀ ਇੱਕ ਤੀਬਰਤਾ ਜਾਂ ਗੂੜ੍ਹਪਨ ਹੈ ਜੋ ਸਾਰੇ ਮਹਿਸੂਸ ਕਰਦੇ ਹਨ (ਗਲਾਤੀਆਂ 6:10)। ਪਤਰਸ ਦਾ ਵਿਚਾਰ ਇਹ ਸੀ: ਜਦ ਕਿ ਤੁਸੀਂ ਉਸ ਸੰਦੇਸ਼ ਦਾ ਪਾਲਣ ਕੀਤਾ ਹੈ ਜੋ ਤੁਹਾਨੂੰ ਸੌਂਪਿਆ ਗਿਆ ਸੀ ਕਿ ਉਨ੍ਹਾਂ ਦੇ ਨਾਲ ਜੋ ਤੁਹਾਡੇ ਵਿਸ਼ਵਾਸ ਅਤੇ ਆਸ ਵਿੱਚ ਸਾਂਝੀ ਹੋਏ ਹਨ, ਉਹ ਬਣੋ ਜੋ ਬਣਨ ਦੇ ਲਈ ਪਰਮੇਸ਼ੁਰ ਨੇ ਤੁਹਾਨੂੰ ਚੁਣਿਆ ਹੈ ਅਤੇ ਇੱਕ ਦੂਜੇ ਦੇ ਨਾਲ ਗੂੜ੍ਹਾ ਪ੍ਰੇਮ ਰੱਖੋ।

ਪ੍ਰੇਮ ਦੇ ਦੂਸਰੇ ਹਵਾਲੇ ਵਿੱਚ ਰਸੂਲ ਦਾ ਕਿਰਿਆ ἀγαπάω (*ਆਗਾਪਾਓ*) ਵੱਲ ਮੁੜਣ ਦਾ ਕੋਈ ਖਾਸ ਮਹੱਤਵ ਨਹੀਂ ਹੈ। "ਇਸ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਪਤਰਸ ਭਰੱਪਣ ਦੇ ਪ੍ਰੇਮ ਅਤੇ ਇੱਕ ਦੂਏ ਨਾਲ ਬਰਾਬਰ ਸਮੀਕਰਨ ਦੇ ਰੂਪ ਵਿੱਚ ਸਮਝਦਾ ਹੈ।"[38] ਉਹ ਨੇ ਆਪਣੇ ਪਾਠਕਾਂ ਨੂੰ ਪਵਿੱਤਰ ਸੰਤ ਬਣਨ ਦੇ ਲਈ ਬੇਨਤੀ ਕੀਤੀ ਜੋ ਪਰਮੇਸ਼ੁਰ ਉਨ੍ਹਾਂ ਨੂੰ ਬਣਾਉਣਾ ਚਾਹੁੰਦਾ ਸੀ ਜਦੋਂ, ਸੱਚ ਦੇ ਪ੍ਰਤੀ ਉਨ੍ਹਾਂ ਦੀ ਆਗਿਆਕਾਰੀ ਦੇ ਕਾਰਨ, ਉਸ ਨੇ ਉਨ੍ਹਾਂ ਦੇ ਆਤਮਿਆਂ ਨੂੰ ਪਵਿੱਤਰ ਕੀਤਾ ਸੀ। ਪਤਰਸ ਦੇ ਜੋੜੇ ਗਏ ਮਹੱਤਵਪੂਰਣ ਸ਼ਬਦਾਂ ਵਿੱਚੋਂ ਜ਼ਰੂਰੀ ਸ਼ਬਦ "ਗੂੜ੍ਹਾ" ਹੈ। ਯੂਨਾਨੀ ਦੇ ਵਿੱਚ ਇਸ ਸ਼ਬਦ ਨੂੰ ਦ੍ਰਿੜਤਾ ਦੇ ਨਾਲ, ਵਾਕ ਦੇ ਅੰਤ ਵਿੱਚ ਰੱਖਿਆ ਗਿਆ ਹੈ। ਵਿਸ਼ਵਾਸੀਆਂ ਦਾ ਪਿਆਰ ਇੱਕ ਦੂਸਰੇ ਦੇ ਨਾਲ ਨਿਰੰਤਰ, ਫਿੱਕ ਨਾ ਪੈਣ ਵਾਲਾ, ਪਰਗਟ ਕਰਨ ਲਈ ਜ਼ਾਹਿਰ ਕੀਤੇ ਜਾਣ ਲਈ ਤੀਬਰ ਹੋਣਾ ਚਾਹੀਦਾ ਸੀ। ਜਦੋਂ ਦੂਸਰੀ ਸ਼ਤਾਬਦੀ ਦੇ ਭ੍ਰਿਸ਼ਟ ਬੁੱਤਪ੍ਰਸਤਾਂ ਨੂੰ ਉਨ੍ਹਾਂ ਦੇ ਭਰੱਪਣ ਦੇ ਪ੍ਰੇਮ ਦਾ ਪਤਾ ਲੱਗਾ

ਜਿਨ੍ਹਾਂ ਨੇ ਮਸੀਹ ਨੇ ਨਾਮ ਨੂੰ ਪਹਿਨਿਆ ਹੋਇਆ ਸੀ, ਤਾਂ ਉਨ੍ਹਾਂ ਨੇ ਉਸ ਆਤਮ-ਬਲੀਦਾਨ ਦੇ ਪ੍ਰੇਮ ਦੇ ਵਿਸ਼ੇ ਵਿੱਚ ਜੋ ਉਨ੍ਹਾਂ ਦਾ ਇੱਕ ਦੂਸਰੇ ਦੇ ਪ੍ਰਤੀ ਸੀ ਟਿੱਪਣੀ ਕੀਤੀ, ਕਈ ਵਾਰ ਉਸ ਦੀ ਨਿੰਦਾ ਕੀਤੀ। ਜਦੋਂ ਉਸ ਦਾ ਪੱਤਰ ਖੋਲਿਆ ਗਿਆ ਤਾਂ ਬਾਅਦ ਵਿੱਚ ਫਿਰ ਪਤਰਸ ਭਾਈਚਾਰੇ ਦੀ ਧਾਰਨਾ ਤੇ ਵਾਪਸ ਆਇਆ ਸੀ (2:17; 5:9)।

**ਆਇਤ 23.** ਪਿਛਲੀ ਆਇਤ ਵਿੱਚ, ਪਤਰਸ ਨੇ ਆਪਣੇ ਪਾਠਕਾਂ ਦੀ ਪਵਿੱਤਰਤਾਈ ਦਾ ਵਰਣਨ ਕਰਨ ਦੇ ਲਈ ਪੂਰਣ ਕਾਲ ਨੂੰ ਇਸਤੇਮਾਲ ਕੀਤਾ ਸੀ। ਇੱਥੇ ਉਸ ਨੇ ਇੱਕ ਵਾਰ ਫਿਰ ਤੋਂ ਉਨ੍ਹਾਂ ਦੇ ਨਵੇਂ ਜਨਮ ਨੂੰ ਦੱਸਣ ਦੇ ਲਈ ਪੂਰਣ ਕਾਲ ਦਾ ਇਸਤੇਮਾਲ ਕੀਤਾ ਹੈ। **ਕਿਉਂ ਜੋ ਤੁਸੀਂ ਨਾਸਵਾਨ ਤੁਖਮ ਤੋਂ ਨਹੀਂ ਸਗੋਂ ਅਵਨਾਸੀ ਤੋਂ ਪਰਮੇਸ਼ੁਰ ਦੇ ਬਚਨ ਦੇ ਰਾਹੀਂ।** ਸਤ ਦੇ ਪ੍ਰਤੀ ਉਨ੍ਹਾਂ ਦੀ ਅਧੀਨਗੀ ਅਤੇ ਉਨ੍ਹਾਂ ਦਾ ਨਵਾਂ ਜਨਮ ਦੋਵੇਂ ਉਨ੍ਹਾਂ ਦੇ ਇੱਕ ਦੂਸਰੇ ਦੇ ਪ੍ਰਤੀ ਗੰਭੀਰ ਪ੍ਰੇਮ ਦਾ ਸਿੱਟਾ ਸੀ। ਸਤ ਦੀ ਅਧੀਨਗੀ, ਪਵਿੱਤਰ ਕੀਤਾ ਜਾਣਾ ਅਤੇ ਨਵਾਂ ਜਨਮ ਇਕੱਲੇ ਖੜੇ ਰਹਿਣ ਵਾਲੇ ਸਿਧਾਂਤ ਨਹੀਂ ਹਨ। ਹਰ ਸ਼ਬਦ ਦੂਜੇ ਦੋਵਾਂ ਨੂੰ ਦਰਸਾਉਂਦਾ ਹੈ। ਪਹਿਲਾਂ ਰਸੂਲ ਨੇ ਕਿਹਾ ਸੀ ਕਿ ਮਸੀਹੀ ਲੋਕਾਂ ਨੂੰ ਜੀਉਂਦੀ ਆਸ ਲਈ ਨਵੇਂ ਸਿਰਿਓਂ ਜਨਮ ਦਿੱਤਾ ਗਿਆ ਸੀ (1:3)। **ਪਰਮੇਸ਼ੁਰ ਦੇ ਬਚਨ ਦੇ ਰਾਹੀਂ ਜਿਹੜਾ ਜਿਉਂਦਾ ਅਤੇ ਇਸਥਿਰ ਹੈ**, ਇੱਥੇ ਉਸ ਨੇ ਉਨ੍ਹਾਂ ਦੇ ਨਵੇਂ ਜਨਮ ਨੂੰ ਇੱਕ ਅਵਿਨਾਸੀ ਬੀਜ ਦੇ ਨਾਲ ਜੋੜਿਆ।

ਜਦੋਂ ਯਿਸੂ ਨੇ ਨਿਕੁਦੇਮੁਸ ਨਾਲ ਨਵੇਂ ਸਿਰੇ ਤੋਂ ਜਨਮ ਲੈਣ ਦੇ ਵਿਸ਼ੇ ਵਿੱਚ ਗੱਲ ਕੀਤੀ, ਤਾਂ ਉਸ ਨੇ ਸੁਚੱਜੇ ਢੰਗ ਦੇ ਨਾਲ ਨਵੇਂ ਜਨਮ ਨੂੰ ਬਪਤਿਸਮੇ ("ਜਲ ਤੋਂ ਜਨਮ ਲੈਣਾ"; ਯੂਹੰਨਾ 3:5) ਅਤੇ ਪਵਿੱਤਰ ਆਤਮਾ ਦੇ ਨਾਲ ਜੋੜਿਆ ਸੀ। (ਨਵੇਂ ਜਨਮ ਦੇ ਲਈ 1:3 ਦੀਆਂ ਟਿੱਪਣੀਆਂ ਨੂੰ ਵੇਖੋ।) 1:3 ਵਿੱਚ, ਨਵਾਂ ਜਨਮ ਯਿਸੂ ਮਸੀਹ ਦੇ ਜੀ ਉੱਠਣ ਦੇ ਦੁਆਰਾ ਸੀ। ਇੱਥੇ ਇਹ ਅਵਿਨਾਸੀ ਵਚਨ ਦੇ ਰਾਹੀਂ ਹੈ, ਸੰਦੇਸ਼ ਕਿ ਯਿਸੂ ਨੂੰ ਪਰਮੇਸ਼ੁਰ ਦੀ ਸਮਰੱਥ ਦੇ ਨਾਲ ਜੀਊਂਦਾ ਉਠਾਇਆ ਗਿਆ ਸੀ। ਜਦ ਕਿ ਵਚਨ ਦੇ ਬਰਾਬਰ ਨਹੀਂ ਹੈ, ਪਰ ਪਵਿੱਤਰ ਆਤਮਾ ਵਚਨ ਵਿੱਚ ਅਤੇ ਵਚਨ ਦੇ ਦੁਆਰਾ ਕੰਮ ਕਰਦਾ ਹੈ। ਇੱਕ ਸ੍ਰੇਸ਼ਠ ਬਿੰਦੂ ਤੋਂ, ਵਚਨ ਇੰਜੀਲ ਸੀ ਜਿਸ ਦਾ ਪ੍ਰਚਾਰ ਕੀਤਾ ਗਿਆ ਸੀ (1:12)। ਦੂਸਰੇ ਬਿੰਦੂ ਤੋਂ ਇਹ ਪਵਿੱਤਰ ਆਤਮਾ ਦੀ ਗਤੀਸ਼ੀਲ ਸਮਰੱਥ ਸੀ। ਵਚਨ ਦੀ ਰਚਨਾਤਮਕ ਸ਼ਕਤੀ ਨੂੰ ਪੁਰਾਣੇ ਨੇਮ ਦੇ ਪਾਠਕ ਚੰਗੀ ਤਰ੍ਹਾਂ ਦੇ ਨਾਲ ਜਾਣਦੇ ਸਨ। ਪਰਮੇਸ਼ੁਰ ਦੇ ਦੁਆਰਾ ਬੋਲੇ ਗਏ ਵਚਨ ਦੇ ਦੁਆਰਾ, ਸੰਸਾਰ ਹੋਂਦ ਵਿੱਚ ਆਇਆ ਸੀ (ਉਤਪਤ 1:3) ਅਤੇ ਇਸ ਦੇ ਦੁਆਰਾ ਪਰਮੇਸ਼ੁਰ ਮਨੁੱਖਾਂ ਦੇ ਮਾਮਲਿਆਂ ਵਿੱਚ ਸ਼ਾਸਨ ਕਰਦਾ ਹੈ (ਜ਼ਬੂਰਾਂ ਦੀ ਪੋਥੀ 33:9)। ਪਵਿੱਤਰ ਆਤਮਾ ਦੇ ਪ੍ਰੇਰਣਾਦਾਇਕ ਵਚਨ ਦੇ ਦੁਆਰਾ, ਮਸੀਹੀ ਲੋਕਾਂ ਦੇ ਨਵਾਂ ਜਨਮ ਹੋਇਆ ਹੈ। ਪਤਰਸ ਸਮਝਦਾ ਸੀ ਕਿ ਪਵਿੱਤਰ ਸ਼ਾਸਤਰ ਦੇ ਵਿੱਚ ਇੱਕ ਜੀਉਂਦੀ ਗੁਣਵੱਤਾ ਪਾਈ ਜਾਂਦੀ ਹੈ, ਜੀਉਂਦੀ ਕਿਉਂਕਿ ਉਹ ਆਤਮਾ ਜੋ ਉਨ੍ਹਾਂ ਨੂੰ ਪ੍ਰੇਰਣਾ ਦਿੰਦਾ ਹੈ ਜਿਉਂਦਾ ਹੈ। ਇਹ ਸਿਰਫ ਜੀਉਂਦਾ ਨਹੀਂ ਹੈ, ਇਹ ਜੀਉਂਦਾ ਨਿਰੰਤਰ ਜੀਉਂਦਾ ਰਹੇਗਾ। ਇਹ ਸਦੀਵੀ ਹੈ।

ਵਚਨ ਨੂੰ ਬੋਲਿਆ ਜਾਂ ਲਿਖਿਆ ਜਾ ਸਕਦਾ ਹੈ, ਪਰ ਕਿਸੇ ਵੀ ਹਾਲਤ ਵਿੱਚ ਇਸ ਵਿੱਚ ਨਤੀਜੇ ਲਿਆਉਣ ਦੀ ਤਾਕਤ ਹੈ। ਜਿਵੇਂ ਪਵਿੱਤਰ ਆਤਮਾ ਜਿੱਧਰ ਚਾਹੇ ਉੱਧਰ ਚੱਲਦਾ ਹੈ (ਯੂਹੰਨਾ 3:8), ਇਸ ਲਈ ਲੋਕਾਂ ਦੇ ਦਿਲਾਂ ਵਿੱਚ ਇੱਕ ਰਹੱਸਮਈ ਸ਼ਕਤੀ ਦੇ ਰੂਪ ਵਿੱਚ ਕੰਮ ਕਰਦਾ ਹੈ। ਇਹ ਜੀਵਨ ਬਦਲਦਾ ਹੈ। "ਉਸ ਨੇ ਆਪਣੀ ਹੀ ਮਨਸ਼ਾ ਤੋਂ ਸਾਨੂੰ ਸਚਿਆਈ ਦੇ ਵਚਨ ਨਾਲ ਜਨਮ ਦਿੱਤਾ" (ਯਾਕੂਬ 1:18)। ਦੂਸਰੇ ਦੀ ਅਣਹੋਂਦ ਵਿੱਚ ਕੰਮ ਦੇ ਵਿਸ਼ੇ ਵਿੱਚ

ਇਹ ਬੋਲਣਾ ਕਿ ਇਹ ਕੰਮ ਆਤਮਾ ਜਾਂ ਵਚਨ ਦਾ ਹੈ ਅਰਥਹੀਣ ਹੈ। ਅਵਿਨਾਸੀ ਬੀਜ ਜਿਸ ਦੇ ਰਾਹੀਂ ਮਸੀਹੀ ਲੋਕਾਂ ਨੇ ਨਵਾਂ ਜਨਮ ਪਾਇਆ ਸੀ ਉਹ ਉਸ ਸਤ ਦੇ ਬਰਾਬਰ ਸੀ ਜਿਸ ਦੀ ਪਤਰਸ ਦੇ ਪਾਠਕਾਂ ਨੇ ਅਧੀਨਗੀ ਕੀਤੀ ਸੀ ਜਿਸ ਦੇ ਦੁਆਰਾ ਉਹ ਪਵਿੱਤਰ ਹੋਏ ਸਨ। ਪਤਰਸ ਨੇ ਮਨੁੱਖ ਦੀ ਉਤਪਤੀ ਦੇ ਨਾਸਵਾਨ ਬੀਜ ਦੀ ਤੁਲਨਾ ਵਚਨ ਦੇ "ਅਵਿਨਾਸੀ" ਬੀਜ ਦੇ ਨਾਲ ਕੀਤੀ। ਜਿਵੇਂ ਯੂਹੰਨਾ 1:13 ਵਿੱਚ, ਉੱਥੇ ਮਨੁੱਖੀ ਬੀਜ ਅਤੇ ਈਸ਼ੁਰੀ ਬੀਜ ਦੇ ਵਿਚਕਾਰ ਇੱਕ ਚੇਤਨ ਤੁਲਨਾ ਹੈ। ਇਸ ਸੰਸਾਰ ਵਿੱਚ ਮਨੁੱਖੀ ਜੀਵਨ ਨਾਲ ਸੰਬੰਧਤ ਹਰ ਚੀਜ਼ ਨਾਸਵਾਨ ਹੈ। ਇਹ ਅਸਥਾਈ ਹੈ; ਇਹ ਨਹੀਂ ਬਚੇਗਾ। ਬੀਜ ਜਿਸ ਦੀ ਸੰਜੀਵ ਬਣਾਉਣ ਦੀ ਸ਼ਕਤੀ ਇੱਕ ਨਵਾਂ ਜਨਮ ਦਿੰਦੀ ਹੈ ਸਥਾਈ ਅਤੇ ਅਵਿਨਾਸੀ ਹੈ। ਉਹ ਤੁਲਨਾ ਜੋ ਉਹ ਕਰਨਾ ਚਾਹੁੰਦਾ ਸੀ ਉਹ ਹੇਠ ਲਿਖੀ ਆਇਤ ਵਿੱਚ ਸਪੱਸ਼ਟ ਹੋ ਜਾਂਦੀ ਹੈ।

**ਆਇਤ 24.** ਨਵਾਂ ਜਨਮ, ਜਿਸ ਦਾ ਸਾਧਨ ਅਵਿਨਾਸੀ ਬੀਜ ਹੈ, ਪਰਮੇਸ਼ੁਰ ਦਾ ਸਥਾਈ ਵਚਨ, ਪਤਰਸ ਦੇ ਮਨ ਵਿੱਚ ਯਸਾਯਾਹ 40:6–8 (ਤੁਲਨਾ ਕਰੋ ਜ਼ਬੂਰਾਂ ਦੀ ਪੋਥੀ 103:15–17) ਵਿੱਚੋਂ ਇੱਕ ਹਵਾਲਾ ਲੈ ਕੇ ਆਇਆ ਸੀ। ਹਵਾਲਾ ਪਿਛਲੀ ਆਇਤ ਦੇ ਦਾਅਵੇ ਦੀ ਪੁਸ਼ਟੀ ਕਰਦਾ ਅਤੇ ਉਸ ਦਾ ਸਮਰਥਨ ਕਰਦਾ ਹੈ, ਅਰਥਾਤ, ਪਰਮੇਸ਼ੁਰ ਦਾ ਵਚਨ ਸਦਾ ਤੀਕ ਕਾਇਮ ਰਹੇਗਾ। ਯਾਕੂਬ ਨੇ ਵੀ ਯਸਾਯਾਹ ਦੀ ਪੁਸਤਕ ਵਿੱਚੋਂ ਇੱਕ ਹਵਾਲੇ ਵੱਲ ਇਸ਼ਾਰਾ ਕੀਤਾ ਹੈ (ਯਾਕੂਬ 1:11), ਪਰ ਪ੍ਰਭੂ ਦੇ ਭਰਾ ਨੇ ਇੱਕ ਵੱਖਰਾ ਪਰ ਮਿਲਦਾ-ਜੁਲਦਾ ਬਿੰਦੂ ਬਣਾਉਣ ਦਾ ਹਵਾਲਾ ਦਿੱਤਾ ਸੀ। ਇਹ ਹਵਾਲਾ ਸਪਟੁਜਿੰਟ (LXX) ਵਿਚੋਂ ਹੈ, ਹਾਲਾਂਕਿ ਪਤਰਸ ਨੇ ਕੁਝ ਮਾਮੂਲੀ ਤਬਦੀਲੀ ਕੀਤੀ ਹੈ। ਯਿਸੂ ਦੇ ਜਨਮ ਤੋਂ ਲਗਭਗ ਦੋ ਸੌ ਸਾਲ ਪਹਿਲਾਂ ਪੁਰਾਣੇ ਨੇਮ ਦਾ ਇਬਰਾਨੀ ਭਾਸ਼ਾ ਤੋਂ ਯੂਨਾਨੀ ਭਾਸ਼ਾ ਦੇ ਵਿੱਚ ਅਨੁਵਾਦ ਕੀਤਾ ਗਿਆ ਸੀ। ਸਪਟੁਜਿੰਟ ਉਨ੍ਹਾਂ ਯਹੂਦੀਆਂ ਦੇ ਵਿਚਕਾਰ ਵਿਆਪਕ ਰੂਪ ਵਿੱਚ ਇਸਤੇਮਾਲ ਕੀਤਾ ਗਿਆ ਸੀ ਜੋ ਯੂਨਾਨੀ-ਰੋਮੀ ਸੰਸਾਰ ਵਿੱਚ ਖਿੱਲਰ ਗਏ ਸਨ। ਨਵੇਂ ਨੇਮ ਦੇ ਸਮੇਂ ਦੇ ਦੌਰਾਨ, ਬਹੁਤ ਸਾਰੇ ਯਹੂਦੀ ਯੂਨਾਨੀ ਸੰਸਾਰ ਦੇ ਆਦੀ ਹੋ ਗਏ ਸਨ। ਉਨ੍ਹਾਂ ਨੂੰ ਆਪਣੀ ਬੋਲ ਚਾਲ ਦੀ ਭਾਸ਼ਾ ਵਿੱਚ ਇੱਕ ਅਨੁਵਾਦ ਦੀ ਲੋੜ ਸੀ ਜਿਵੇਂ ਆਧੁਨਿਕ ਸੰਸਾਰ ਦੇ ਅੰਗ੍ਰੇਜ਼ੀ ਭਾਸ਼ਾ ਦੇ ਪਾਠਕਾਂ ਨੂੰ ਇੱਕ ਅਨੁਵਾਦ ਦੀ ਲੋੜ ਹੈ।

ਯਸਾਯਾਹ 40:6-8 ਵਿੱਚ ਨਬੀ ਦੇ ਵਿਸ਼ੇ ਵਿੱਚ ਇੱਕ ਉਦੇਸ਼ ਹੈ ਜੋ ਖਾਸ ਤੌਰ ਤੇ ਪਤਰਸ ਦੇ ਨਾਲ ਸੰਬੰਧਤ ਨਹੀਂ ਸੀ। ਉਹ ਲੋਕ ਜਿਨ੍ਹਾਂ ਨੂੰ ਯਸਾਯਾਹ ਸੰਬੋਧਤ ਕਰ ਰਿਹਾ ਸੀ ਉਹ ਬਾਬੁਲ ਦੇ ਵਿੱਚ ਗੁਲਾਮਾਂ ਦੇ ਰੂਪ ਵਿੱਚ ਸੜ ਰਹੇ ਸਨ। ਇਸ ਗੱਲ ਦੀ ਸੰਭਾਵਨਾ ਸੀ ਕਿ ਉਨ੍ਹਾਂ ਨੂੰ ਪੂਰੀ ਤਰ੍ਹਾਂ ਦੇ ਨਾਲ ਪਰਮੇਸ਼ੁਰ ਦੇ ਵਾਇਦਿਆਂ ਤੇ ਛੱਡ ਦਿੱਤਾ ਗਿਆ ਹੋਵੇਗਾ-ਅਸਲ ਵਿੱਚ ਪਰਮੇਸ਼ੁਰ ਨੇ ਉਨ੍ਹਾਂ ਨੂੰ ਆਪਣੇ ਆਪ ਉੱਤੇ ਛੱਡਿਆ ਹੋਵੇਗਾ। ਪਰਮੇਸ਼ੁਰ ਨੇ ਲੋਕਾਂ ਨੂੰ ਤਸੱਲੀ ਦੇਣ ਦੇ ਲਈ ਨਬੀ ਨੂੰ ਭੇਜਿਆ ਸੀ, ਉਨ੍ਹਾਂ ਨੂੰ ਇਹ ਯਾਦ ਦਿਵਾਉਣ ਦੇ ਲਈ ਕਿ ਪਰਮੇਸ਼ੁਰ ਉਨ੍ਹਾਂ ਦੇ ਲਈ ਉਜਾੜ ਦੇ ਵਿੱਚੋਂ ਦੀ ਉਨ੍ਹਾਂ ਦੇ ਆਪਣੇ ਦੇਸ ਵਾਪਸ ਮੁੜ ਜਾਣ ਦੇ ਲਈ ਰਾਹ ਤਿਆਰ ਕਰ ਰਿਹਾ ਸੀ। ਮਨੁੱਖਾਂ ਦੀਆਂ ਸ਼ਕਤੀਆਂ ਆਉਣਗੀਆਂ ਅਤੇ ਜਾਣਗੀਆਂ ਹਨ; ਰਾਜ ਉੱਠਣਗੇ ਅਤੇ ਡਿੱਗਣਗੇ। ਸਾਰੇ ਸਰੀਰ ਘਾਹ ਦੇ ਸਮਾਨ ਸਨ।

ਪਰਮੇਸ਼ੁਰ ਦਾ ਵਚਨ, ਉਸ ਦਾ ਵਾਇਦਾ, ਵਿਸ਼ਵਾਸਯੋਗ ਹਨ। ਇਹ ਹਮੇਸ਼ਾ ਹਮੇਸ਼ਾ ਦੇ ਲਈ ਰਹਿੰਦੇ ਹਨ। ਪਤਰਸ ਨੇ ਕੋਈ ਦਾਅਵਾ ਨਹੀਂ ਕੀਤਾ ਕਿ ਯਸਾਯਾਹ ਦਾ ਇਰਾਦਾ ਏਸ਼ੀਆ ਦੇ ਉਨ੍ਹਾਂ ਮਸੀਹੀ ਲੋਕਾਂ ਦਾ ਵਰਣਨ ਕਰਨ ਦਾ ਸੀ ਜੋ ਆਪਣੇ ਵਿਸ਼ਵਾਸ ਦੇ ਕਾਰਨ ਦੁੱਖ ਝੱਲ ਰਹੇ ਸਨ। ਇਸ ਦੀ ਬਜਾਇ, ਪਤਰਸ ਨੇ ਵਾਇਦੇ ਦੇ ਵਿੱਚ ਵੇਖਿਆ ਕਿ ਪਰਮੇਸ਼ੁਰ ਦਾ ਵਚਨ

ਕਦੀ ਵੀ ਕਿਸੇ ਅਜਿਹੇ ਸਿਧਾਂਤ ਵਿੱਚ ਅਸਫਲ ਨਹੀਂ ਰਹਿੰਦਾ ਹੈ ਜੋ ਉਸ ਦੇ ਪਾਠਕਾਂ ਦੇ ਲਈ ਉਸੇ ਪ੍ਰਕਾਰ ਸਤ ਸੀ ਜਿਵੇਂ ਇਹ ਯਸਾਯਾਹ ਦੇ ਅਸਲੀ ਦਰਸ਼ਕਾਂ ਦੇ ਲਈ ਸੀ। ਯਸਾਯਾਹ ਦੀ ਪੁਸਤਕ ਵਿੱਚੋਂ ਲਿਆ ਗਿਆ ਹਵਾਲਾ ਸਾਰੇ ਮਨੁੱਖਾਂ ਅਤੇ ਜੋ ਕੁਝ ਵੀ ਉਹ ਕਰਦੇ ਹਨ ਉਸ ਦੀ ਤਰਸਯੋਗ ਅਨਿਸ਼ਚਿਤਤਾ ਤੇ ਜ਼ੋਰ ਦਿੰਦਾ ਹੈ। ਲੋਕ ਸਥਾਈ ਅਤੇ ਪਰਿਵਰਤਨਹੀਨਤਾ ਦੀ ਆਸ ਕਰਦੇ ਹਨ, ਪਰ **ਹਰ ਬਸ਼ਰ ਘਾਹ ਹੀ ਹੈ . . . ਘਾਹ ਸੁੱਕ ਜਾਂਦਾ ਅਤੇ ਫੁੱਲ ਕੁਮਲਾ ਜਾਂਦਾ ਹੈ।** ਸਰੀਰ ਅਤੇ ਇਸ ਦੀ ਸਾਰੀ ਮਹਿਮਾ ਕੋਈ ਇਕਜਟ ਵਿਸ਼ਾ ਨਹੀਂ ਦਿੰਦੇ, ਇਸ ਦੇ ਨਿਸ਼ਚਤ ਨਾਸ ਤੋਂ ਇਲਾਵਾ ਮਨੁੱਖੀ ਅਨੁਭਵ ਵਿੱਚ ਕੋਈ ਸਮਾਨਤਾ ਨਹੀਂ ਹੈ। ਮਾਸ ਮੁਰਝਾ ਜਾਂਦਾ ਹੈ। ਇਸ ਦੇ ਸਭ ਤੋਂ ਤਾਰੀਫ ਯੋਗ ਅਤੇ ਮਹਾਨ ਗੁਣ ਡਿੱਗ ਪੈਂਦੇ ਅਤੇ ਭੁਲਾ ਦਿੱਤੇ ਜਾਂਦੇ ਹਨ। ਨਾ ਹੀ ਯਸਾਯਾਹ ਦੇ ਦਰਸ਼ਕਾਂ ਦੇ ਲਈ ਨਾ ਹੀ ਪਤਰਸ ਦੇ ਦਰਸ਼ਕਾਂ ਦੇ ਲਈ ਇਹ ਬੁੱਧੀਮਾਨੀ ਦੀ ਗੱਲ ਹੋਵੇਗੀ ਕਿ ਉਹ ਆਪਣਾ ਭਰੋਸਾ ਮਨੁੱਖੀ ਡਿਜ਼ਾਇਨ ਉੱਤੇ ਰੱਖਣ। ਸਿਰਫ ਪਰਮੇਸ਼ੁਰ ਅਤੇ ਉਸ ਦੇ ਸੰਦੇਸ਼ ਹੀ ਇਕਮਾਤਰ ਸਥਾਈ ਸੱਚਾਈਆਂ ਹਨ।

**ਆਇਤ 25.** ਇਹ ਖੁਦ ਪਰਮੇਸ਼ੁਰ ਅਤੇ ਉਸ ਦਾ ਸਵੈ-ਪ੍ਰਕਾਸ਼ਨ ਹੈ ਜੋ ਜੀਵਨ ਨੂੰ ਏਕਤਾ, ਅਰਥ ਅਤੇ ਉਦੇਸ਼ ਦਿੰਦਾ ਹੈ। ਮਨੁੱਖੀ ਤਜ਼ਰਬਾ ਅਤੇ ਮਨੁੱਖੀ ਮਹਿਮਾ ਦੇ ਉਲਟ, ਪਰਮੇਸ਼ੁਰ ਅਤੇ ਉਸ ਦਾ ਵਚਨ ਸਦਾ ਸਥਿਰ ਰਹਿੰਦਾ ਹੈ। ਇੱਥੇ λόγος (*ਲੋਗੋਸ*, "ਬਚਨ") 1:23 ਤੋਂ ῥῆμα (*ਰੀਮਾ*, "ਬਚਨ") 1:25 ਵਿੱਚ ਇੱਕ ਦਿਲਚਸਪ ਬਦਲਾਵ ਹੈ। ਇਸ ਪ੍ਰਸੰਗ ਵਿੱਚ ਦੋ ਸ਼ਬਦ ਸਮਾਨਾਰਥਕ ਹਨ। ਬਾਅਦ ਵਾਲਾ ਸ਼ਬਦ LXX ਵਿੱਚ ਇਸਤੇਮਾਲ ਹੋਇਆ ਹੈ। ਸ਼ਬਦਾਂ ਦੇ ਵਿੱਚ ਬਦਲਾਵ ਦਾ ਉਸ ਬਿੰਦੂ ਤੇ ਕੋਈ ਪ੍ਰਭਾਵ ਨਹੀਂ ਪੈਂਦਾ ਹੈ ਜੋ ਪਤਰਸ ਨੇ ਬਣਾਇਆ ਸੀ। ਇਹ "ਪਰਮੇਸ਼ੁਰ ਦਾ ਜੀਉਂਦਾ ਅਤੇ ਰਹਿਣ ਵਾਲਾ ਸ਼ਬਦ [*ਲੋਗੋਸ*] ਹੈ" ਜਿਸ ਨੂੰ ਯਸਾਯਾਹ 40:8 ਆਇਤ **ਪਰਮੇਸ਼ੁਰ ਦਾ ਬਚਨ** [*ਰੇਮਾ*] ਕਹਿੰਦੀ ਹੈ। ਪਤਰਸ ਨੇ ਇਹ ਕਿਹਾ "ਪਰਮੇਸ਼ੁਰ ਦਾ ਬਚਨ" ਜੋ **ਸਦਾ ਤੀਕ ਕਾਇਮ ਰਹਿੰਦਾ ਹੈ** ਇਹ ਉਹੋ ਵਚਨ ਹੈ ਜਿਹ ਦੀ ਖੁਸ਼ ਖਬਰੀ ਉਨ੍ਹਾਂ ਨੂੰ ਸੁਣਾਈ ਗਈ ਸੀ।

ਜਦੋਂ ਪਤਰਸ 1:22 ਤੋਂ ਅੱਗੇ ਵੱਧਦਾ ਹੈ ਤਾਂ ਉਸ ਦੀ ਸੋਚ ਵਿਚਲੀ ਨਿਰੰਤਰਤਾ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ ਹੈ। ਸਤ ਦੇ ਅਧੀਨ ਹੋਣ ਦੇ ਦੁਆਰਾ ਮਸੀਹੀ ਲੋਕਾਂ ਨੇ ਆਪਣੀਆਂ ਜਾਨਾਂ ਨੂੰ ਪਵਿੱਤਰ ਕੀਤਾ ਸੀ। ਜਿਸ ਸਤ ਦੀ ਉਨ੍ਹਾਂ ਨੇ ਪਾਲਣਾ ਕੀਤੀ ਸੀ ਉਹ ਪਰਮੇਸ਼ੁਰ ਦਾ ਅਵਨਾਸੀ, ਜ਼ਿੰਦਾ ਅਤੇ ਸਥਾਈ ਬਚਨ ਸੀ। ਸਤ ਦੇ ਅਧੀਨ ਹੋਣ ਦੇ ਦੁਆਰਾ, ਉਨ੍ਹਾਂ ਨੇ ਨਵਾਂ ਜਨਮ ਪਾਇਆ ਸੀ। ਸਤ, "ਪਰਮੇਸ਼ੁਰ ਦਾ ਬਚਨ" ਜੋ "ਸਦਾ ਤੀਕ ਕਾਇਮ ਰਹਿੰਦਾ ਹੈ," **ਉਹੋ ਬਚਨ ਹੈ ਜਿਹ ਦੀ ਖੁਸ਼ ਖਬਰੀ ਤੁਹਾਨੂੰ** ਪਤਰਸ ਦੇ ਪਾਠਕਾਂ ਨੂੰ **ਸੁਣਾਈ ਗਈ ਸੀ**। ਹਰ ਸਥਾਨ ਤੇ, ਸਮੇਂ ਅਤੇ ਸਥਾਨ ਦੇ ਦੁਆਰਾ, ਜਦੋਂ ਉਹੋ ਸੱਚਾਈ ਦਾ ਪ੍ਰਚਾਰ ਕੀਤਾ ਜਾਂਦਾ ਹੈ, ਮਸੀਹੀ ਉਸੇ ਨਤੀਜੇ ਦੀ ਆਸ ਕਰਦੇ ਹਨ। ਲੋਕ ਨਵਾਂ ਜਨਮ ਪ੍ਰਾਪਤ ਕਰਨਗੇ ਅਤੇ ਅਨੰਤ ਵਿਰਸੇ ਨੂੰ ਸਾਂਝਾ ਕਰਨਗੇ।

## ਪ੍ਰਾਸੰਗਿਕਤਾ

### ਪਵਿੱਤਰਤਾ ਅਤੇ ਬਪਤਿਸਮਾ (1:3-25)

ਭਾਵੇਂ ਸ਼ਬਦ "ਬਪਤਿਸਮਾ" 1 ਪਤਰਸ (3:21) ਵਿੱਚ, ਸਿਰਫ ਇੱਕ ਵਾਰ ਆਇਆ ਹੈ, ਬਾਈਬਲ ਦੇ ਸੁਚੇਤ ਵਿਦਿਆਰਥੀ ਲੰਬੇ ਸਮੇਂ ਤੋਂ ਜਾਣਦੇ ਹਨ ਕਿ ਬਪਤਿਸਮਾ ਪੱਤ੍ਰੀ ਵਿੱਚ

ਇੱਕ ਪ੍ਰਮੁੱਖ ਵਿਸ਼ਾ ਹੈ। ਜਦ ਕਿ ਬਪਤਿਸਮਾ ਅਤੇ ਨਵਾਂ ਜਨਮ ਸਮਾਨ ਨਹੀਂ ਹਨ, ਨਾ ਹੀ ਉਨ੍ਹਾਂ ਦੇ ਵਿਚਕਾਰ ਨਿਕਟ ਸੰਬੰਧ ਹਨ ਜਿਸ ਨੂੰ ਸਮਾਪਤ ਕਰ ਦਿੱਤਾ ਜਾ ਰਿਹਾ ਹੈ। ਜਦੋਂ ਇੱਕ ਵਿਸ਼ਵਾਸੀ ਬਪਤਿਸਮਾ ਲੈਂਦਾ ਸੀ, ਉਸ ਦਾ ਨਵਾਂ ਜਨਮ ਫਲ-ਪ੍ਰਾਪਤੀ ਕਰਦਾ ਸੀ। ਪੌਲੁਸ ਨੇ ਭਾਸ਼ਣ ਦੇ ਰੂਪ ਨੂੰ ਇੱਕ ਕਦਮ ਅੱਗੇ ਲੈ ਆਂਦਾ ਜਦੋਂ ਉਸ ਨੇ ਕਿਹਾ ਕਿ ਇੱਕ ਵਿਸ਼ਵਾਸੀ ਬਪਤਿਸਮੇ ਤੋਂ "ਨਵੇਂ ਜੀਵਨ ਦੇ ਰਾਹ" ਲਈ ਆਉਂਦਾ ਹੈ (ਰੋਮੀਆਂ 6:4)। ਇਸ ਵਿੱਚ ਕੋਈ ਸ਼ੱਕ ਨਹੀਂ ਹੋ ਸਕਦਾ ਹੈ ਕਿ 1 ਪਤਰਸ 1:3 ਅਤੇ 1:23 ਵਿੱਚ ਪਤਰਸ ਨੇ ਮਸੀਹੀ ਬਪਤਿਸਮੇ ਦਾ ਉਲੇਖ ਕੀਤਾ ਸੀ ਜਦੋਂ ਉਸ ਨੇ ਸ਼ਬਦ "ਨਵੇਂ ਸਿਰਿਓਂ ਜਨਮੇ" ਦਾ ਇਸਤੇਮਾਲ ਕੀਤਾ ਸੀ। ਇਹ ਇੱਕ ਜਨਮ ਹੈ "ਨਾਸਵਾਨ ਤੁਖਮ ਤੋਂ ਨਹੀਂ ਸਗੋਂ ਅਵਨਾਸੀ ਤੋਂ।"

ਪਵਿੱਤਰਤਾਈ ਕਦੀ ਨਵੇਂ ਜਨਮ ਦੇ ਵਿਚਾਰ ਤੋਂ ਦੂਰ ਨਹੀਂ ਹੁੰਦੀ ਹੈ। ਬੀਜ ਅਵਨਾਸੀ ਹੈ ਅਤੇ ਵਿਸ਼ਵਾਸੀ ਪਵਿੱਤਰ ਹੁੰਦਾ ਹੈ। ਕੁਝ ਸਮਕਾਲੀ ਸੰਗੀਤ ਦੇ ਸ਼ਬਦਾਂ ਨੂੰ ਸੁਣਨਾ ਇੱਕ ਵਿਦਿਅਕ ਤਜਰਬਾ ਹੈ। ਤਤਕਾਲੀ ਸੰਤੁਸ਼ਟੀ ਸਮੇਂ ਦੀ ਪੁਕਾਰ ਹੈ। ਲੋਕ ਕਿਸੇ ਵੀ ਚੀਜ਼ ਦੇ ਲਈ ਇੰਤਜ਼ਾਰ ਨਹੀਂ ਕਰ ਸਕਦੇ ਹਨ। ਪ੍ਰਸਿੱਧ ਟੈਲੀਵਿਜ਼ਨ ਪ੍ਰੋਗਰਾਮ ਤਤਕਾਲੀ ਸੰਤੁਸ਼ਟੀ ਦੀ ਪੁਕਾਰ ਨੂੰ ਮਜ਼ਬੂਤ ਕਰਦੇ ਹਨ। ਲੱਖਾਂ ਲੋਕ ਇਸ ਤੋਂ ਉੱਚੇ ਦਰਜੇ ਦੀ ਬੁਲਾਹਟ ਵਿੱਚ ਨਹੀਂ ਜਿਉਂਦੇ ਹਨ ਕਿ ਉਹੀ ਕਰਨਾ ਜੋ ਚੰਗਾ ਮਹਿਸੂਸ ਹੁੰਦਾ ਹੈ ਅਤੇ ਹੁਣੇ ਹੀ ਕਰਨਾ ਹੈ। ਮਸੀਹੀ ਸੰਦੇਸ਼ ਨੂੰ ਜੀਵਨ ਦੇ ਲਈ ਇੱਕ ਇਨਕਤਾਬੀ ਪੁਨਰ ਦਿਸ਼ਾ ਨਿਰਦੇਸ਼ ਕਿਹਾ ਜਾਂਦਾ ਹੈ-ਅਸਲ ਵਿੱਚ ਇੰਨਾ ਤਤਕਾਲੀ, ਕਿ ਇਸ ਨੂੰ ਨਵਾਂ ਜਨਮ ਕਿਹਾ ਜਾ ਸਕਦਾ ਹੈ। ਮਸੀਹੀ ਦਾ ਲਕਸ਼ ਤਤਕਾਲੀ ਸੰਤੁਸ਼ਟੀ ਨਹੀਂ ਹੈ ਪਰ ਪਰਮੇਸ਼ੁਰ ਦੀ ਮਹਿਮਾ ਕਰਨਾ ਹੈ।

ਮਸੀਹੀ ਲੋਕ ਇੱਕ ਅਜਿਹੇ ਸੰਸਾਰ ਵਿੱਚ ਰਹਿੰਦੇ ਜਿੱਥੇ ਤਤਕਾਲੀ ਸੰਤੁਸ਼ਟੀ ਆਧੁਨਿਕ ਪੂੰਜੀਵਾਦ ਦੀ ਅਸਲੀ ਤਾਕਤ ਹੈ ਅਤੇ ਅਜਿਹੇ ਸੰਸਾਰ ਦੇ ਉਨ੍ਹਾਂ ਨੂੰ ਪਵਿੱਤਰ ਰਹਿਣਾ ਪੈਂਦਾ ਹੈ। ਪਤਰਸ ਦੇ ਪਾਠਕਾਂ ਲਈ ਪਵਿੱਤਰ ਜੀਵਨ ਦੇ ਵਿਚਕਾਰ ਕੋਈ ਧੁੰਧਲੀ ਸੀਮਾ ਨਹੀਂ ਸੀ ਉਹ ਮਸੀਹੀ ਲੋਕਾਂ ਦੇ ਰੂਪ ਵਿੱਚ ਜਾਣੇ ਜਾਂਦੇ ਸਨ ਅਤੇ ਉਨ੍ਹਾਂ ਦਾ ਪੁਰਾਣਾ ਘਿਣਾਉਣਾ ਜੀਵਨ ਅਵਿਸ਼ਵਾਸ ਦੇ ਵਿੱਚ ਗੁਜ਼ਰਿਆ ਸੀ। ਇਸ ਬਿੰਦੂ ਤੇ, ਸ਼ਾਇਦ, ਉੱਥੇ ਆਧੁਨਿਕ ਸੰਸਾਰ ਅਤੇ ਪਤਰਸ ਦੇ ਸਮਕਾਲੀ ਸੰਸਾਰ ਦੇ ਵਿਚਕਾਰ ਅੰਤਰ ਸੀ। ਆਧੁਨਿਕ ਸੰਸਾਰ ਦੇ ਵਿਚ ਪਵਿੱਤਰ ਅਤੇ ਅਪਵਿੱਤਰ ਦੇ ਵਿਚਲੀ ਰੇਖਾ ਅਕਸਰ ਬਹੁਤ ਧੁੰਧਲੀ ਹੋ ਜਾਂਦੀ ਹੈ। ਕਈ ਵਾਰ ਮਸੀਹੀ ਲੋਕ ਸੀਮਾ ਨੂੰ ਧੁੰਧਲਾ ਕਰਨ ਵਿੱਚ ਯੋਗਦਾਨ ਪਾਉਂਦੇ ਹਨ। ਜਦੋਂ ਸੰਸਾਰ ਬੁਲਾਉਂਦਾ ਹੈ, ਕੁਝ ਕਹਿੰਦੇ ਹਨ, "ਯਕੀਨੀ ਤੌਰ ਤੇ ਸਾਨੂੰ ਮੌਜ਼ ਮਸਤੀ ਨੂੰ ਛੱਡ ਦੇਣ ਦੀ ਲੋੜ ਨਹੀਂ ਹੈ, ਹੈ ਨਾ? ਆਓ ਇਸ ਪਵਿੱਤਰਤਾਈ ਵਾਲੀ ਚੀਜ਼ ਨੂੰ ਬਹੁਤ ਦੂਰ ਤਕ ਨਾ ਫੜੀ ਰੱਖੀਏ।" ਅਜਿਹੇ ਮਸੀਹੀ ਵੀ ਹਨ ਕਿ ਜੋ ਇਸ ਗੱਲ ਤੋਂ ਡਰੇ ਹੋਏ ਜਾਪਦੇ ਹਨ ਕਿ ਸੰਸਾਰ ਉਨ੍ਹਾਂ ਦੇ ਉੱਤੇ ਆਧੁਨਿਕ ਸੰਸਾਰ ਦੇ ਸਭ ਤੋਂ ਵਿਸ਼ੇਸ਼ਕਾਂ ਵਿੱਚੋਂ ਸਭ ਤੋਂ ਖਤਰਨਾਕ ਵਿਸ਼ੇਸ਼ਕ ਨਾ ਲਟਕਾ ਦੇਵੇ: "ਕੱਟੜ।" ਕਈ ਲੋਕ ਸ਼ਾਇਦ ਸੋਚਦੇ ਹਨ ਕਿ ਅਸੀਂ ਰਾਜਾ ਦੀ ਸੰਤਾਨ ਹੋਣ ਦੇ ਵਿਸ਼ੇ ਵਿੱਚ ਗੰਭੀਰ ਹਾਂ।

ਸਾਡੇ ਸੰਸਾਰ ਵਿਚਲੀ ਇੰਦਰੀ-ਭੋਗ ਤੋਂ ਦੂਰ ਰਹਿਣ ਦੀ ਵਿਆਪਕ ਅਪੀਲ ਨੂੰ ਵੇਖ ਕੇ ਜ਼ਿਆਦਾਤਰ ਵਿਸ਼ਵਾਸੀ ਉਦਾਸ ਅਤੇ ਨਿਰਾਸ਼ ਹੋ ਜਾਂਦੇ ਹਨ। ਮੈਂ ਸੋਚਦਾ ਹਾਂ ਕੀ ਯਹੋਸ਼ੁਆ ਦੇ ਪੁਰਾਤਨ ਇਸਰਾਈਲ ਨੂੰ ਕਹੇ ਗਏ ਸ਼ਬਦ ਆਧੁਨਿਕ ਕਲੀਸੀਆ ਤੇ ਸਹੀ ਨਹੀਂ ਬੈਠਦੇ ਹਨ: "ਤੁਸੀਂ ਯਹੋਵਾਹ ਦੀ ਉਪਾਸਨਾ ਨਹੀਂ ਕਰ ਸੱਕਦੇ ਕਿਉਂ ਜੋ ਉਹ ਪਵਿੱਤਰ ਪਰਮੇਸ਼ੁਰ ਹੈ ਅਤੇ ਅਣਖੀ ਪਰਮੇਸ਼ੁਰ ਵੀ ਹੈ . . ." (ਯਹੋਸ਼ੁਆ 24:19)। ਕੀ ਅਸੀਂ ਪਵਿੱਤਰਤਾ ਦੀ ਚੁਨੌਤੀ ਦੇ ਲਈ ਤਿਆਰ ਹਾਂ? ਮੈਂ ਇਸ ਗੱਲ ਦੇ ਲਈ ਨਿਸ਼ਚਤ ਨਹੀਂ ਹਾਂ ਕਿ ਅਸੀਂ ਇਸ ਪ੍ਰਸ਼ਨ ਦਾ

ਉੱਤਰ ਕਿਵੇਂ ਦੇਵਾਂਗੇ। ਮੂਸਾ ਨੇ ਇਸ ਰੀਤਿ ਦੇ ਨਾਲ ਇਸ ਦਾ ਉੱਤਰ ਦਿੱਤਾ: "ਏਹ ਹੁਕਮ ਜਿਹੜਾ ਮੈਂ ਅੱਜ ਤੁਹਾਨੂੰ ਦਿੰਦਾ ਹਾਂ ਤੁਹਾਡੇ ਲਈ ਬਹੁਤਾ ਔਖਾ ਤਾਂ ਨਹੀਂ, ਨਾ ਹੀ ਤੁਹਾਥੋਂ ਦੂਰ ਹੈ . . . ਪਰ ਉਹ ਬਾਣੀ ਬਹੁਤ ਨੇੜੇ ਹੈ ਸਗੋਂ ਤੁਹਾਡੇ ਮੂੰਹ ਵਿੱਚ ਅਤੇ ਤੁਹਾਡੇ ਮਨ ਵਿੱਚ ਹੈ ਤਾਂ ਜੋ ਤੁਸੀਂ ਉਸ ਨੂੰ ਪੂਰਾ ਕਰੋ" (ਬਿਵਸਥਾ ਸਾਰ 30:11, 14)।

ਪਤਰਸ ਨੇ ਦੋ ਸਰੋਤਾਂ ਦੀ ਪੇਸ਼ਕਸ਼ ਕੀਤੀ ਜਿਨ੍ਹਾਂ ਵਿੱਚੋਂ ਵਿਸ਼ਵਾਸੀ ਤਾਜ਼ਗੀ ਪ੍ਰਾਪਤ ਕਰ ਸਕਦੇ ਹਨ ਜਦੋਂ ਉਹ ਇਸ ਅਪਵਿੱਤਰ ਸੰਸਾਰ ਵਿੱਚ ਪਵਿੱਤਰਤਾ ਦੇ ਲਈ ਸੰਘਰਸ਼ ਕਰਦੇ ਹਨ। ਪਹਿਲਾ, ਪਵਿੱਤਰਤਾ ਨੂੰ ਉਸ ਸਮੇਂ ਸਮਰਥਨ ਮਿਲਦਾ ਹੈ ਜਦੋਂ ਅਸੀਂ ਆਪਣੇ ਨਾਲ ਦੇ ਸਾਥੀ ਮੁਸਾਫਰਾਂ ਦੇ ਕੋਲੋਂ ਭਰੱਪਣ ਦੇ ਪ੍ਰੇਮ ਨੂੰ ਗ੍ਰਹਿਣ ਕਰਦੇ ਅਤੇ ਉਨ੍ਹਾਂ ਨਾਲ ਭਰੱਪਣ ਦਾ ਪ੍ਰੇਮ ਕਰਦੇ ਹਾਂ ਜੋ ਇਕੱਠੇ ਮਿਲ ਕੇ ਪਵਿੱਤਰ ਸ਼ਹਿਰ ਦੀ ਯਾਤਰਾ ਕਰ ਰਹੇ ਹਨ। ਪਤਰਸ ਜਾਣਦਾ ਸੀ ਕਿ ਉਸ ਦੇ ਪਾਠਕਾਂ ਦੀ ਪਵਿੱਤਰਤਾਈ ਅਤੇ ਆਗਿਆਕਾਰੀ ਦਾ ਸਿੱਟਾ ਗੰਭੀਰ ਪ੍ਰੇਮ ਸੀ, ਪਰ ਉਸ ਨੇ ਉਨ੍ਹਾਂ ਨੂੰ ਹੋਰ ਉਤਸ਼ਾਹਿਤ ਕੀਤਾ, "ਤਨੋਂ ਮਨੋਂ ਹੋ ਕੇ ਇੱਕ ਦੂਏ ਨਾਲ ਗੂੜ੍ਹਾ ਪ੍ਰੇਮ ਰੱਖੋ" (1 ਪਤਰਸ 1:22)।

ਦੂਸਰਾ, ਪਵਿੱਤਰਤਾ ਅਨੰਤ ਹੈ; ਸੰਸਾਰੀ ਆਦਰ ਅਤੇ ਸੰਸਾਰੀ ਭੁੱਖ ਅਸਥਾਈ ਹਨ। ਪਤਰਸ ਨੇ ਕਿਹਾ ਕਿ ਵਿਸ਼ਵਾਸੀ ਅਵਨਾਸੀ ਤੁਖਮ ਤੋਂ ਪੈਦਾ ਹੋਏ ਹਨ। ਮਨੁੱਖ ਦੀ ਸਾਰੀ ਮਹਿਮਾ, ਉਹ ਸਭ ਕੁਝ ਜਿਸ ਦੇ ਲਈ ਉਹ ਆਪਣਾ ਜੀਵਨ ਲਗਾ ਦਿੰਦਾ ਹੈ, ਉਸ ਦੀ ਸਾਰੀ ਧਨ ਦੌਲਤ, ਉਸ ਦੀ ਸਾਰੀ ਸਿੱਖਿਆ, ਉਸ ਦੇ ਸਾਰੇ ਚੰਗੇ ਸਮੇਂ – ਸਾਰੇ ਦੇ ਸਾਰੇ ਘਾਹ ਦੇ ਫੁੱਲ ਦੇ ਵਾਂਗ ਲਹਿ ਜਾਣਗੇ। ਪਰ ਪਰਮੇਸ਼ੁਰ ਦਾ ਵਚਨ ਸਦਾ ਸਦਾ ਦੇ ਲਈ ਕਾਇਮ ਰਹੇਗਾ। "ਅਤੇ ਇਹ ਉਹੋ ਵਚਨ ਹੈ ਜਿਹ ਦੀ ਖੁਸ਼ ਖਬਰੀ ਤੁਹਾਨੂੰ ਸੁਣਾਈ ਗਈ ਸੀ" (1:25)।

ਪਤਰਸ ਨੇ ਆਪਣੇ ਪਾਠਕਾਂ ਨੂੰ ਸਰੀਰਕ ਅਤੇ ਭਾਵਨਾਤਮਕ ਸ਼ੋਸ਼ਣ ਤੋਂ ਕਿਸੇ ਕਿਸਮ ਦੀ ਰਾਹਤ ਦੀ ਪੇਸ਼ਕਸ਼ ਨਹੀਂ ਕੀਤੀ ਸੀ। ਇਸ ਦੇ ਉਲਟ, ਉਸ ਨੇ ਆਖਿਆ ਕਿ ਚੀਜ਼ਾਂ ਹੋਰ ਵੀ ਬਦਤਰ ਹੋ ਸਕਦੀਆਂ ਹਨ। ਜੋ ਕੁਝ ਵੀ ਆਵੇ, ਰਸੂਲ ਚਾਹੁੰਦਾ ਸੀ ਕਿ ਉਸ ਦੇ ਪਾਠਕ ਇਸ ਗੱਲ ਨੂੰ ਜਾਨਣ ਕਿ ਉਹ ਪਰਮੇਸ਼ੁਰ ਦੇ ਲੋਕ ਸਨ ਅਤੇ ਪਰਮੇਸ਼ੁਰ ਦੇ ਲੋਕ ਪਵਿੱਤਰ ਸਨ। ਉਨ੍ਹਾਂ ਲੋਕਾਂ ਦੇ ਲਈ ਜਿਨ੍ਹਾਂ ਨੇ ਪ੍ਰਭੂ ਦੇ ਨਾਮ ਨੂੰ ਲਿਆ ਹੋਇਆ ਹੈ ਇੱਕੀਵੀਂ ਸਦੀ ਵਿੱਚ ਧਾਰਮਿਕ ਜੀਵਨ ਜੀਉਣ ਨਾਲੋਂ ਵੱਧ ਕੇ ਹੋਰ ਕੋਈ ਲੋੜ ਨਹੀਂ ਹੈ। ਸਮਝੌਤਿਆਂ ਅਤੇ ਬਹਾਨਿਆਂ ਦੇ ਲਈ ਕੋਈ ਜਗਾ ਨਹੀਂ ਹੈ। ਅੱਜ ਬਹੁਤ ਘੱਟ ਮਸੀਹੀ ਲੋਕ ਹਨ (ਘੱਟੋ ਘੱਟ ਅਮਰੀਕਾ ਵਿੱਚ) ਜਿਨ੍ਹਾਂ ਨੂੰ ਮਸੀਹੀ ਹੋਣ ਦੇ ਕਾਰਨ ਸਰੀਰ ਪ੍ਰਤਿ ਹਿੰਸਾ ਦਾ ਡਰ ਹੋਵੇ। ਅੱਜ ਪਾਪ ਸਾਨੂੰ ਆਪਣੀਆਂ ਬਾਹਾਂ ਵਿੱਚ ਭਰ ਕੇ ਕਹਿੰਦਾ ਹੈ ਕਿ ਅਖਿਰ ਅਸੀਂ ਮਨੁੱਖ ਹੀ ਤਾਂ ਹਾਂ। ਅਸੀਂ ਆਪਣੇ ਆਪ ਦੇ ਲਈ ਬਹੁਤ ਜ਼ਿਆਦਾ ਦੀ ਉਮੀਦ ਨਹੀਂ ਕਰ ਸਕਦੇ ਹਾਂ। ਨਤੀਜੇ ਵਜੋਂ, ਅੱਜ ਦੇ ਯੁੱਗ ਵਿੱਚ, ਮਸੀਹੀ ਅਕਸਰ ਕਦੀ ਵੀ ਅਸਲ ਵਿੱਚ ਪਵਿੱਤਰਤਾ ਨੂੰ ਜੀਵਨ ਦੇ ਲਈ ਇੱਕ ਵਿਕਲਪ ਨਹੀਂ ਮੰਨਦੇ ਹਨ। ਇਹ ਸਮਝਣਾ ਬੁੱਧੀਮਾਨੀ ਹੈ ਕਿ ਪਰਮੇਸ਼ੁਰ ਨੇ ਇੱਕ ਪਵਿੱਤਰ ਪਰਜਾ ਨੂੰ ਛੁਟਕਾਰਾ ਦਿੱਤਾ ਹੈ।

## ਇੱਕ ਜਿਉਂਦੀ ਆਸ (1:3, 21)

ਆਸ ਦੇ ਲਈ ਅਪੀਲ ਕਰਨਾ ਖਤਰਨਾਕ ਹੋ ਸਕਦਾ ਹੈ। ਇਹ ਫ੍ਰਾਂਸਿਸ ਬੇਕਨ ਸੀ (1561–1626) ਜਿਸ ਨੇ ਦੇਖਿਆ ਕਿ, "ਆਸ ਇੱਕ ਚੰਗਾ ਨਾਸ਼ਤਾ ਹੈ, ਪਰ ਇਹ ਇੱਕ ਬੁਰਾ

ਰਾਤ ਦਾ ਭੋਜਨ ਹੈ।"[39] ਆਸ ਨਿਰਾਸ਼ਾ ਦਾ ਇੱਕ ਸ਼ਬਦ ਵੀ ਹੋ ਸਕਦੀ ਹੈ। ਜੁਲਾਈ 1968 ਵਿੱਚ, ਮੈਂ ਫੇਅਰਮੋਂਟ, ਪੱਛਮੀ ਵਰਜੀਨੀਆ ਵਿੱਚ ਇੱਕ ਕਲੀਸੀਆ ਦੇ ਨਾਲ ਕੰਮ ਕਰਨ ਦੇ ਲਈ ਚਲਾ ਗਿਆ ਸਾਂ। ਕੁਝ ਹੀ ਮਹੀਨਿਆਂ ਦੇ ਬਾਅਦ, ਕੁਝ ਮੀਲ ਦੂਰੀ ਤੇ ਪੱਛਮੀ ਵਰਜੀਨੀਆ ਦੇ ਫਾਰਮਿੰਗਟਨ ਦੀ ਖਾਨ ਨੰਬਰ ਨੌ ਵਿੱਚ, ਸਦੀ ਦੀਆਂ ਸਭ ਤੋਂ ਖਤਰਨਾਕ ਤਬਾਹੀਆਂ ਵਿੱਚ ਇੱਕ ਤਬਾਹੀ ਵਾਪਰੀ। ਅਠੱਤਰ ਲੋਕ ਲਾਪਤਾ ਹੋ ਗਏ ਸਨ। ਹਰ ਕਿਸੇ ਨੂੰ, ਇੰਝ ਲੱਗ ਰਿਹਾ ਸੀ, ਜਿਵੇਂ ਉਸ ਦਾ ਕੋਈ ਨਾ ਕੋਈ ਖਾਨ ਦੇ ਵਿੱਚ ਗੁਆਚ ਗਿਆ ਹੋਵੇ। ਮੈਨੂੰ ਅੱਥਰੂਆਂ ਭਰੇ ਚੇਹਰੇ ਅਤੇ ਦਿਲ ਨੂੰ ਡੋਬਣ ਵਾਲੇ ਸ਼ਬਦ ਯਾਦ ਹਨ: "ਅਸੀਂ ਸਿਰਫ ਉਮੀਦ ਕਰ ਸਕਦੇ ਹਾਂ।" "ਉਮੀਦ" ਨਿਰਾਸ਼ਾ ਭਰਿਆ ਸ਼ਬਦ ਵੀ ਹੋ ਸਕਦਾ ਹੈ।

ਉਹ ਸਮੇਂ ਵੀ ਹੁੰਦੇ ਹਨ ਜਦੋਂ ਸਾਡੇ ਵਿੱਚੋਂ ਜ਼ਿਆਦਾਤਰ ਲੋਕ ਆਸ ਕਰਨ ਤੋਂ ਡਰਦੇ ਹਨ, ਇਸ ਗੱਲ ਦਾ ਡਰ ਹੁੰਦਾ ਹੈ ਕਿ ਇਹ ਸਾਨੂੰ ਮੂਰਖ ਬਣਾ ਦੇਵੇਗੀ। ਜੌਨ ਡ੍ਰਾਈਡੇਨ ਦੇ ਦੁਆਰਾ ਲਿਖੀਆਂ ਗਈਆਂ ਹੇਠ ਲਿਖੀਆਂ ਲਾਇਨਾਂ ਜੀਵਨ ਦੀ ਤੇਜ਼ੀ ਉੱਤੇ ਇੱਕ ਗਹਿਰੀ ਮਾਰ ਹੈ:

> ਜਦੋਂ ਮੈਂ ਜੀਵਨ ਤੇ ਵਿਚਾਰ ਕੀਤਾ, ਇਹ ਸਭ ਇੱਕ ਧੋਖਾ ਹੈ;
> ਫਿਰ ਵੀ, ਮੂਰਖ ਲੋਕ ਆਸ ਦੇ ਨਾਲ, ਧੋਖੇ ਦਾ ਪੱਖ ਲੈਂਦੇ ਹਨ;
> ਭਰੋਸਾ ਕਰਨਾ ਅਤੇ ਸੋਚਣਾ ਕੱਲ
> ਬਦਲਾ ਦੇਵੇਗਾ; ਕੱਲ ਪਿਛਲੇ ਦਿਨ ਦੀ ਤੁਲਨਾ ਨਾਲੋਂ ਵੀ ਝੂਠਾ;
> ਝੂਠ ਹੋਰ ਵੀ ਬੁਰਾ ਹੋ ਜਾਂਦਾ ਹੈ, ਜਦੋਂ ਇਹ ਕਹਿੰਦਾ ਹੈ,
> ਅਸੀਂ ਕੁਝ ਹੋਰ ਨਵੀਆਂ ਬਰਕਤਾਂ ਦੇ ਨਾਲ
> ਬਰਕਤ ਪਾਵਾਂਗੇ, ਪਰ ਤਾਂ ਜੋ ਸਾਡੇ ਕੋਲ ਹੈ ਉਸ ਵਿੱਚ ਵੀ ਕਟੌਤੀ ਹੋ ਜਾਂਦੀ ਹੈ।
> ਅਜੀਬ ਧੋਖਾ! ਕੋਈ ਵੀ ਪਿਛਲੇ ਸਾਲਾਂ ਵਿੱਚ ਦੁਬਾਰਾ ਨਹੀਂ ਜੀਵੇਗਾ,
> ਜਦ ਕਿ ਸਾਰੀ ਆਸ ਅਨੰਦ ਉਸ ਵਿੱਚ ਹੈ ਜੋ ਬਾਕੀ ਹੈ;
> ਅਤੇ, ਜੀਵਨ ਦੀ ਮੈਲ ਤੋਂ, ਪ੍ਰਾਪਤ ਕਰਨ ਦੇ ਲਈ ਸੋਚਣਾ,
> ਜੋ ਪਹਿਲਾ ਅਨੰਦ ਚਲ ਰਿਹਾ ਸੀ ਉਹ ਨਹੀਂ ਦਿੱਤਾ ਜਾਵੇਗਾ।[40]

ਕਈ ਵਾਰ ਆਸ ਇੱਕ ਭਰਮ ਹੁੰਦਾ ਹੈ; ਕਈ ਵਾਰ ਇਹ ਮੂਰਖ ਦੇ ਲਈ ਸ਼ੋਭਾ ਹੁੰਦਾ ਹੈ। ਲੋਕਾਂ ਦੇ ਜਲਦੀ ਅਮੀਰ ਹੋਣ ਦੀ ਬੇਤਾਬ ਉਮੀਦ ਤੇ ਕੋਨ ਮੇਨ ਦਾ ਖੇਲ। ਲੱਖਾਂ ਲੋਕ ਮੇਹਨਤ ਦੀ ਕਮਾਈ ਨੂੰ ਇੱਕ ਲਾਟਰੀ ਦੀ ਟਿਕਟ ਖਰੀਦਣ ਲਈ ਕੁਰਬਾਨ ਕਰਨ ਦੇ ਦੁਆਰਾ ਇੱਕ ਮੂਰਖਤਾ ਦਾ ਖੇਲ ਖੇਡਦੇ ਹਨ। ਇਹ ਜਾਣਨਾ ਮਜ਼ੇਦਾਰ ਗੱਲ ਹੋਵੇਗੀ ਕਿ ਕੋਈ ਮਨੁੱਖ ਜਿਨ੍ਹਾਂ ਲੋਕਾਂ ਨੂੰ ਲਾਟਰੀ ਦੀ ਟਿਕਟ ਖਰੀਦਣ ਵਾਲਿਆਂ ਦੀ ਲਾਇਨ ਵਿੱਚ ਲੱਗੇ ਹੋਏ ਵੇਖਦਾ ਹੈ ਉਨ੍ਹਾਂ ਵਿੱਚੋਂ ਕਿੰਨੇ ਲੋਕ ਲੇਖਾਕਾਰ, ਡਾਕਟਰ, ਜਾਂ ਵਕੀਲ ਹਨ। ਬਹੁਤ ਸਾਰੇ ਜਿਨ੍ਹਾਂ ਨੂੰ ਸ਼ੱਕ ਹੁੰਦਾ ਹੈ ਉਹ ਟਿਕਟਾਂ ਨਹੀਂ ਖਰੀਦਦੇ ਹਨ। ਸਖਤ ਮੇਹਨਤ ਕਰਨ ਵਾਲੇ ਲੋਕ ਜੋ ਮੁਸ਼ਕਲਾਂ ਦੇ ਵਿਚਾਰ ਨਹੀਂ ਕਰਦੇ ਹਨ ਉਹ ਟਿਕਟਾਂ ਖਰੀਦਦੇ ਹਨ। ਇਹ ਪ੍ਰਣਾਲੀ ਉਨ੍ਹਾਂ ਲੋਕਾਂ ਦੇ ਲਾਲਚ, ਨਿਰਾਸ਼ਾ ਅਤੇ ਅਗਿਆਨਤਾ ਦੇ ਨਾਲ ਖੇਡਣ ਦੇ ਲਈ ਬਣਾਈ ਗਈ ਹੈ ਜਿਨ੍ਹਾਂ ਨੂੰ ਜਿੱਤਣ ਦੀ ਉਮੀਦ ਹੁੰਦੀ ਹੈ। ਕਈ ਵਾਰ ਕਿਸੇ ਦੇ ਨਾਲ ਹੋ ਜਾਂਦਾ ਹੈ – ਅਤੇ ਕਈ ਵਾਰੀ ਕੋਈ ਕੰਮ ਤੇ ਜਾਣ ਦੇ ਰਾਹ ਵਿੱਚ ਚਾਰ ਵਾਰ ਬਿਜਲੀ ਦੇ ਦੁਆਰਾ ਫਸ ਜਾਂਦਾ ਹੈ – ਪਰ ਇਹ ਅਕਸਰ ਨਹੀਂ ਹੁੰਦਾ ਹੈ। ਰਾਜ-ਸੰਚਾਲਿਤ ਲਾਟਰੀਆਂ ਇਸ ਲਈ ਬਣਾਈਆਂ ਜਾਂਦੀਆਂ ਹਨ ਤਾਂ ਕਿ ਕਰੋੜਪਤੀਆਂ ਨੂੰ ਉਨ੍ਹਾਂ ਟੈਕਸ ਨਾ ਭਰਨਾ ਪਵੇ ਜਿਨ੍ਹਾਂ ਉਨ੍ਹਾਂ ਦਾ ਬਣਦਾ ਹੈ। ਇਹ ਉਨ੍ਹਾਂ ਦਾ

ਉਦੇਸ਼ ਹੈ।

ਇੱਕ ਮੂਰਖ ਆਸ ਕਰਦਾ ਹੈ ਕਿਉਂਕਿ ਉਹ ਲਾਪਰਵਾਹ, ਆਲਸੀ, ਜਾਂ ਦੋਵੇਂ ਹੈ। ਇੱਕ ਨਿਰਾਸ਼ ਵਿਅਕਤੀ ਆਸ ਕਰਦਾ ਹੈ ਕਿਉਂਕਿ ਅਸਲੀਅਤ ਨੂੰ ਸਹਿ ਸਕਣਾ ਬਹੁਤ ਹੀ ਔਖਾ ਹੁੰਦਾ ਹੈ। ਪਰ, ਇੱਕ ਸਿਆਣਾ ਆਦਮੀ ਵੀ ਆਸ ਕਰ ਸਕਦਾ ਹੈ। ਕਿਉਂਕਿ ਕਾਰਨ ਉਸ ਨੂੰ ਆਸ ਰੱਖਣ ਦੇ ਲਈ ਕਹਿੰਦੇ ਹਨ। ਦੁੱਖਾਂ ਨੂੰ ਸਹਿਆ ਜਾ ਸਕਦਾ ਹੈ ਜਦੋਂ ਇਹ ਵਿਸ਼ਵਾਸ ਕਰਨ ਦਾ ਕਾਰਨ ਹੋਵੇ ਕਿ ਭਵਿੱਖ ਬੇਹਤਰ ਹੋਵੇਗਾ ਇਹ ਇੱਕ ਬੁੱਧੀਮਾਨ ਵਿਅਕਤੀ ਦੀ ਆਸ ਹੈ ਜਿਸ ਨੂੰ ਪਤਰਸ ਨੇ ਆਪਣੇ ਪਾਠਕਾਂ ਦੇ ਸਾਹਮਣੇ ਰੱਖਿਆ ਹੈ। ਯਿਸੂ ਮਸੀਹ ਮੁਰਦਿਆਂ ਦੇ ਵਿੱਚੋਂ ਜੀ ਉੱਠਿਆ ਹੈ। ਉਨ੍ਹਾਂ ਨੂੰ ਇੱਕ ਜਿਉਂਦੀ ਆਸ ਵਿੱਚ ਨਵਾਂ ਜਨਮ ਦਿੱਤਾ ਗਿਆ ਸੀ- ਜਿਉਂਦੀ ਕਿਉਂਕਿ ਉਹ ਇੱਕ ਜਿਉਂਦੇ ਪ੍ਰਭੂ ਦੇ ਰੂਪ ਵਿੱਚ ਰਾਜ ਕਰਦਾ ਹੈ (1:3, 21)।

### ਛੁਟਕਾਰਾ, ਨਾਸਵਾਨ ਵਸਤੂਆਂ ਨਾਲ ਨਹੀਂ ਹੋਇਆ (1:18, 19)

ਚੀਜ਼ਾਂ ਦੀ ਇੱਕ ਵੱਡੀ ਸੰਖਿਆ ਜਿਨ੍ਹਾਂ ਨੂੰ ਸਾਡੀ ਸਮਕਾਲੀਨ ਦੁਨੀਆਂ ਚਾਲਾਕ, ਆਧੁਨਿਕ ਅਤੇ ਬਹਾਦੁਰੀ ਦੀਆਂ ਚੀਜ਼ਾਂ ਸਮਝਦੀ ਹੈ ਉਹ ਉਸੇ ਅਗਿਆਨ ਦੇ ਵਿਸਤਾਰ ਹਨ ਜਿਸ ਨੇ ਜੀਵਨ ਨੂੰ ਕੁਚਲ ਦਿੱਤਾ ਅਤੇ ਹਜ਼ਾਰਾਂ ਸਾਲਾਂ ਦੇ ਲਈ ਇਸ ਵਿੱਚੋਂ ਖੁਸ਼ੀ ਨੂੰ ਛਾਣ ਸੁੱਟਿਆ ਸੀ। ਬਿਨਾਂ ਸੋਚੇ ਸਮਝੇ ਕਿਸੇ ਭੁੱਖ ਦੇ ਪਿੱਛੇ ਲੱਗੇ ਰਹਿਣਾ ਗੁਲਾਮ ਬਣਾ ਲੈਂਦਾ ਅਤੇ ਨਾਸ ਕਰਦਾ ਹੈ। ਆਪਣੀ ਦੂਸਰੀ ਪੱਤ੍ਰੀ ਵਿੱਚ, ਪਤਰਸ ਨੇ ਉਨ੍ਹਾਂ ਦੇ ਲਈ ਲਿਖਿਆ ਜਿਨ੍ਹਾਂ ਨੇ ਆਜ਼ਾਦੀ ਦਾ ਵਾਇਦਾ ਕੀਤਾ ਸੀ ਜਦ ਕਿ ਉਹ ਭ੍ਰਿਸ਼ਟਾਚਾਰ ਦੇ ਦਾਸ ਸਨ: ". . . ਕਿਉਂਕਿ ਜਿਹ ਦਾ ਕੋਈ ਹਠਾੜੂ ਹੋ ਗਿਆ ਸੋ ਉਹ ਦਾ ਗੁਲਾਮ ਵੀ ਬਣਿਆ ਹੈ" (2 ਪਤਰਸ 2:19)।

ਪਤਰਸ ਦੀ ਪਹਿਲੀ ਪੱਤ੍ਰੀ ਵਿੱਚ ਰਸੂਲ ਨੇ ਉਨ੍ਹਾਂ ਪੁਰਾਣੇ ਜੀਵਨਾਂ ਜੋ ਗੁਲਾਮੀ ਵਿੱਚ ਅਤੇ ਬੁਰੀ ਹਾਲਤ ਵਿੱਚ ਸਨ ਅਤੇ ਜਿਨ੍ਹਾਂ ਤੋਂ ਉਹ ਜਾਣੂ ਸਨ ਅਤੇ ਉਸ ਆਜ਼ਾਦੀ ਦੇ ਵਿਚਕਾਰ ਇੱਕ ਸਪੱਸ਼ਟ ਤੁਲਨਾ ਕੀਤੀ ਜਿਸ ਦਾ ਉਨ੍ਹਾਂ ਨੇ ਮਸੀਹ ਵਿੱਚ ਹੋ ਕੇ ਅਨੰਦ ਮਾਣਿਆ ਸੀ। ਪਤਰਸ ਨੇ ਆਪਣੇ ਪਾਠਕਾਂ ਨੂੰ ਯਾਦ ਦਿਵਾਇਆ ਕਿ ਉਨ੍ਹਾਂ ਨੂੰ ਨਿਸਤਾਰਾ ਦਿੱਤਾ ਗਿਆ ਹੈ। ਉਹ ਸ਼ਬਦ ਜਿਸ ਦਾ ਅਨੁਵਾਦ "ਨਿਸਤਾਰਾ" ਕੀਤਾ ਗਿਆ ਸੀ ਉਹ ਯੂਨਾਨੀ ਦੁਨੀਆਂ ਵਿੱਚ ਧਰਮ ਨਿਰਪੱਖ ਲੇਖਕਾਂ ਦੇ ਦੁਆਰਾ ਛੁਟਕਾਰੇ ਦਾ ਮੁੱਲ ਭਰਨ ਦੇ ਲਈ ਵਰਤਿਆ ਜਾਂਦਾ ਸੀ। ਇੱਕ ਅਮੀਰ ਜਾਂ ਸ਼ਕਤੀਸ਼ਾਲੀ ਆਦਮੀ ਨੂੰ ਸਮੁੰਦਰੀ ਡਾਕੂਆਂ ਦੀ ਇੱਕ ਕੰਪਨੀ ਜਾਂ ਡਾਕੂਆਂ ਦੇ ਇੱਕ ਗਿਰੋਹ ਦੇ ਰਾਹੀਂ ਕਾਫੀ ਰਾਸ਼ੀ ਦਾ ਹੁਕਮ ਕੀਤਾ ਜਾ ਸਕਦਾ ਹੈ। ਰੋਮੀ ਇਤਹਾਸਕਾਰ ਸੂਟੋਨਿਅਸ 74 ਈ. ਪੂ. ਵਿੱਚ ਹੋਏ ਜੂਲੀਅਸ ਸੀਜ਼ਰ ਦੇ ਜੀਵਨ ਨਾਲ ਸੰਬੰਧਤ ਇੱਕ ਘਟਨਾ ਨਾਲ ਸੰਬੰਧਤ ਸੀ ਜਦੋਂ ਉਹ ਬਿਆਨਬਾਜ਼ੀ ਅਧਿਐਨ ਕਰਨ ਦੇ ਲਈ ਰੋਡਜ਼ ਦੀਪ ਵਿੱਚ ਗਏ ਸਨ। ਰਸਤੇ ਵਿੱਚ ਉਸ ਦਾ ਜਹਾਜ਼ ਸਮੁੰਦਰੀ ਡਾਕੂਆਂ ਦੇ ਹੱਥਾਂ ਵਿੱਚ ਆ ਗਿਆ ਸੀ। ਨੌਜਵਾਨ ਕੈਸਰ ਨੂੰ ਮਿਲੇਤੁਸ ਸ਼ਹਿਰ ਵਿੱਚ ਭੇਜਿਆ ਗਿਆ ਸੀ ਤਾਂ ਕਿ ਉਹ ਆਪਣੇ ਨਿਸਤਾਰੇ ਦੇ ਲਈ ਸੋਨੇ ਦੇ ਪੰਜਾਹ ਸਿੱਕੇ ਪ੍ਰਾਪਤ ਕਰਕੇ ਲਿਆਵੇ। ਮਿਲੇਤੁਸ ਨੇ ਉਨ੍ਹਾਂ ਦਾ ਭੁਗਤਾਨ ਕਰ ਦਿੱਤਾ ਅਤੇ ਜਹਾਜ਼ੀ ਡਾਕੂਆਂ ਨੇ ਕੈਸਰ ਨੂੰ ਆਜ਼ਾਦ ਕਰ ਦਿੱਤਾ ਸੀ।

ਅਮੀਰ ਅਤੇ ਸ਼ਕਤੀਸ਼ਾਲੀ ਲੋਕਾਂ ਦੇ ਲਈ ਨਿਸਤਾਰੇ ਦਾ ਮੁੱਲ ਸੋਨਾ ਅਤੇ ਚਾਂਦੀ ਸੀ, ਪਰ ਪਤਰਸ ਨੇ ਆਪਣੇ ਪਾਠਕਾਂ ਨੂੰ ਯਾਦ ਦਿਵਾਇਆ ਕਿ ਉਨ੍ਹਾਂ ਦੇ ਨਿਸਤਾਰੇ ਦਾ ਮੁੱਲ ਉਸ ਤੋਂ ਵੀ ਬੇਹੱਦ ਕੀਮਤੀ ਕਿਸੇ ਚੀਜ਼ ਦੇ ਨਾਲ ਭਰਿਆ ਗਿਆ ਹੈ। ਨਿਸਤਾਰੇ ਦਾ ਮੁੱਲ ਜਿਸ ਦੇ

ਦੁਆਰਾ ਉਨ੍ਹਾਂ ਨੂੰ ਸਰੀਰ ਦੀਆਂ ਗੁਲਾਮ ਬਣਾਉਣ ਵਾਲੀਆਂ ਇੱਛਾਵਾਂ ਤੋਂ ਖਰੀਦਿਆ ਗਿਆ ਹੈ ਉਹ ਪਰਮੇਸ਼ੁਰ ਦੇ ਪੁੱਤਰ ਦੇ ਕੀਮਤੀ ਲਹੂ ਨਾਲੋਂ ਘੱਟ ਕੁਝ ਵੀ ਨਹੀਂ ਸੀ (1 ਪਤਰਸ 1:18, 19)। ਪੌਲੁਸ ਨੇ 2 ਕੁਰਿੰਥੀਆਂ 5:21 ਵਿੱਚ ਇਸ ਪ੍ਰਕਾਰ ਇਸ ਦਾ ਚਰਿੱਤਰ ਚਿੱਤਰਣ ਕੀਤਾ: "ਉਹ ਨੇ ਉਸ ਨੂੰ ਜਿਹੜਾ ਪਾਪ ਦਾ ਜਾਣੂ ਨਹੀਂ ਸੀ ਸਾਡੀ ਖ਼ਾਤਰ ਪਾਪ ਠਹਿਰਾਇਆ ਤਾਂ ਜੋ ਅਸੀਂ ਉਸ ਵਿੱਚ ਹੋ ਕੇ ਪਰਮੇਸ਼ੁਰ ਦਾ ਧਰਮ ਬਣੀਏ।"

---

## ਟਿੱਪਣੀਆਂ

[1]ਕਿਰਿਆ "ਹੈ" ਜਾਂ "ਉਹ" 1 ਪਤਰਸ 1:3 ਅਤੇ ਮੱਤੀ 21:9 ਵਿੱਚ ਦੋਵਾਂ ਵਿੱਚ ਪਾਇਆ ਜਾ ਚੁੱਕਾ ਹੈ। ਸਿੱਧ ਕ੍ਰਿਦੰਤ ਰੂਪ εὐλογημένος (*ਈਉਲੋਜੇਮੇਨੋਸ*) ਦਾ ਅਨੁਵਾਦ ਮੱਤੀ 21:9 ਵਿੱਚ "ਮੁਬਾਰਕ" ਕੀਤਾ ਗਿਆ ਹੈ, ਜਦ ਕਿ ਪਤਰਸ ਨੇ ਵਿਸ਼ੇਸ਼ਣ εὐλογητὸς (*ਜੁਲੋਜੀਟੋਸ*) ਦਾ ਇਸਤੇਮਾਲ ਕੀਤਾ ਹੈ। ਇੱਕ ਕ੍ਰਿੰਦਤ ਇੱਕ ਸ਼ਾਬਦਿਕ ਵਿਸ਼ੇਸ਼ਣ ਹੈ। ਘੋਸ਼ਣਾ "ਮੁਬਾਰਕ ਹੈ . . ." ਅਤੇ ਆਗਿਆ ਸੂਚਕ "ਮੁਬਾਰਕ ਹੈ . . ." ਦੇ ਵਿਚਲਾ ਅੰਤਰ ਇੱਕ ਛੋਟਾ ਅੰਤਰ ਹੈ। [2]ਜਦ ਕਿ ਰੱਬੀ ਲੋਕ ਕਈ ਵਾਰ ਇੱਕ ਨਵਧਰਮੀ ਦੀ ਤੁਲਨਾਵੀ ਨਵਾਂ ਜਨਮੇ ਬੱਚੇ ਨਾਲ ਕਰਦੇ ਸਨ, ਉਨ੍ਹਾਂ ਨੇ ਸ਼ਾਇਦ ਹੀ ਕੱਟੜਪੰਥੀ ਨੈਤਿਕ ਅਤੇ ਆਤਮਿਕ ਨਵੀਨੀਕਰਨ ਦੇ ਬਾਰੇ ਵਿਚਾਰ ਕੀਤਾ ਹੋਵੇਗਾ ਜੋ ਨਵੇਂ ਨੇਮ ਦੇ ਨਵੇਂ ਜਨਮ ਦੇ ਹਵਾਲਿਆਂ ਵਿੱਚ ਸ਼ਾਮਲ ਹੈ। ਸਬੂਤ ਦੀ ਜਾਂਚ ਕਰਨ ਤੋਂ ਬਾਅਦ, ਜੀ. ਆਰ. ਬੇਸਲੇ ਮੱਰੇ ਸਿੱਟਾ ਕੱਢਿਆ, ". . . ਵਿਅਕਤੀ ਦੇ ਆਤਮਿਕ ਨਵੇਂ ਜੀਵਨ ਦੀ ਧਾਰਨਾ ਦਾ ਉਪਯੋਗ ਯਹੂਦੀ ਧਰਮ ਵਿੱਚ ਅਤੇ ਹੇਲੇਨਿਸਟਿਕ ਅਭਿਆਸ ਦੇ ਸੰਸਾਰ ਦੋਵਾਂ ਵਿੱਚ ਮਸੀਹੀਅਤ ਦੀ ਆਮਦ ਤੋਂ ਪਹਿਲਾਂ ਅਸਧਾਰਣ ਸੀ।" (ਜੀ. ਆਰ. ਬੇਸਲੇ–ਮੱਰੇ, *ਨਵੇਂ ਨੇਮ ਵਿੱਚ ਬਪਤਿਸਮਾ* [ਗ੍ਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬੀ. ਈਅਰਡਮੰਸ ਪਬਲਿਸ਼ਿੰਗ ਕੰਪਨੀ, 1962], 227)। [3]ਉਸੇ ਸਥਾਨ ਤੇ, 228. [4]ਜੌਰਜ ਏਲਡਨ ਲੈਡ ਉਸ ਸਮੇਂ ਕੁਝ ਭਾਗ ਤਕ ਸਹੀ ਸੀ ਜਦੋਂ ਉਸ ਨੇ ਲਿਖਿਆ, "ਵਿਸ਼ਵਾਸੀਆਂ ਨੂੰ ਪਰਮੇਸ਼ੁਰ ਦੇ ਬੱਚਿਆਂ ਦੇ ਵਾਂਗ ਸਮਝਦਾ ਸੀ, ਪਰ ਨਵੇਂ ਜਨਮ ਦੀ ਬਜਾਇ ਦੁਆਰਾ ਗੋਦ ਲੈਣ ਦੇ ਦੁਆਰਾ (ਰੋਮੀਆਂ 8:15)।" (ਜੌਰਜ ਏਲਡਨ ਲਾਡ, *ਏ ਥਿਓਲੋਜੀ ਆਫ਼ ਨਿਊ ਟੈਸਟਾਮੈਂਟ*, ਦੂਸਰਾ ਸੰਪਾਦਨ [ਗ੍ਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬੀ. ਈਅਰਡਮੰਸ ਪਬਲਿਸ਼ਿੰਗ ਕੰਪਨੀ, 1993], 664.) ਪੌਲੁਸ ਨੇ ਦੋਵਾਂ ਰੂਪਕਾਂ ਗੋਦ ਲੈਣਾ ਅਤੇ ਨਵਾਂ ਜਨਮ ਦਾ ਇਸਤੇਮਾਲ ਕੀਤਾ, ਜਿਵੇਂ ਤੀਤੁਸ 3:5 ਇਸ ਨੂੰ ਸਪਸ਼ੱਟ ਕਰਦੀ ਹੈ। ਰੋਮੀਆਂ 8:15, 16 ਵਿੱਚ, ਗੋਦ ਲੈਣ ਦੇ ਰੂਪਕ ਨੂੰ ਇਸਤੇਮਾਲ ਕਰਨ ਦੇ ਦੁਆਰਾ ਪੌਲੁਸ ਨੇ ਮਸੀਹ ਦੇ ਦੁਆਰਾ ਪਰਮੇਸ਼ੁਰ ਦੇ ਨਾਲ ਉਨ੍ਹਾਂ ਦੇ ਰਿਸ਼ਤੇ ਦੀ ਮਜ਼ਬੂਤੀ ਦਾ ਯਕੀਨ ਦਿਵਾਇਆ। ਰੋਮੀਆਂ 6:1–4 ਅਤੇ ਤੀਤੁਸ 3:5 ਦੋਵਾਂ ਵਿੱਚ, ਜਦੋਂ ਕੋਈ ਮਸੀਹੀ ਬਣ ਜਾਂਦਾ ਸੀ ਤਾਂ ਵਿਸ਼ੇ ਵਿੱਚ ਇੱਕ ਕ੍ਰਾਂਤੀਕਾਰੀ ਬਦਲਾਵ ਆਉਂਦਾ ਹੈ। ਇੱਕ ਪਾਸੇ, ਇਸ ਦਾ ਅਰਥ ਪੁਰਾਣੀ ਇਨਸਾਨੀਅਤ ਦੇ ਲਈ ਮਰਨਾ ਅਤੇ, ਦੂਜੇ ਪਾਸੇ, ਇਸ ਦਾ ਅਰਥ ਹੈ ਦੁਬਾਰਾ ਜੀ ਉੱਠਣਾ। [5]ਜੇ. ਐਨ. ਡੀ. ਕੈਲੀ, *ਏ ਕਮੈਂਟਰੀ ਆਨ ਦ ਅਪਿਸਟਲਸ ਆਫ਼ ਪੀਟਰ ਐਂਡ ਆਫ਼ ਜੂਡ,* ਬਲੈਕਸ ਕਮੈਂਟਰੀ ਆਨ ਨਿਊ ਟੈਸਟਾਮੈਂਟ ਕਮੈਂਟਰੀਜ਼ (ਲੰਡਨ: ਆਦਮ ਅਤੇ ਚਾਰਲਸ ਬਲੈਕ, 1969), 46. [6]ਡੇਵਿਡ ਈਵਰਟ, *ਐਂਡ ਦੇਨ ਕਮਜ਼ ਦ ਐਂਡ* (ਸਕੋਟਸਡੇਲ, ਪੈਨਸਿਲਵੇਨੀਆ: ਹੈਰਲਡ ਪ੍ਰੈਸ, 1980), 173. [7]ਐੱਫ਼. ਜੇ. ਏ. ਹੌਰਟ, *ਦ ਫਸਟ ਅਪਿਟਸਲ ਆਫ਼ ਸੇਂਟ ਪੀਟਰ I.1—II.17: ਦ ਗ੍ਰੀਕ ਟੈਕਸਟ ਵਿਦ ਇੰਟ੍ਰੋਡਕਟਰੀ ਲੈਕਚਰ, ਕਮੈਂਟਰੀ, ਐਂਡ ਅਡੀਸ਼ਨਲ ਨੋਟਸ* (ਨਿਊਯਾਰਕ: ਮੈਕਮਿਲਨ ਕੰਪਨੀ, 1898), 38. [8]ਕੈਲੀ, 46. [9]ਸੀ ਜੇ. ਰੈਮਸੇ ਮਾਈਕਲਸ, *1 ਪਤਰਸ*, ਵਰਡ ਬਿਬਲੀਕਲ ਕਮੈਂਟਰੀ, ਜਿਲਦ 49 (ਵਾਕੋ, ਟੈਕਸਾਸ: ਵਰਡ ਬੁਕਸ, 1988), 29. [10]ਪਤਰਸ ਦੀ ਸਰਕਾਰ ਦੇ ਵਿਸ਼ੇ ਵਿੱਚ ਚੇਤਾਵਨੀ ਖਾਰਜ ਕਰਨ ਦੇ ਲਈ ਨਹੀਂ ਹੈ ਜਿਵੇਂ ਨਵੇਂ ਨੇਮ ਦੇ ਪਰਿਵਾਰਕ ਕੋਰਡਾਂ ਦੇ ਰੂਪ ਵਿੱਚ। ਅਫ਼ਸੀਆਂ 5; 6 ਅਤੇ ਕੁਲੁੱਸੀਆਂ 3; 4 ਵਿੱਚ ਸਰਕਾਰਾਂ ਦਾ ਕੋਈ ਹਵਾਲਾ ਨਹੀਂ ਹੈ। ਪਤਰਸ ਨੇ ਪਰਿਵਾਰਕ ਕੋਰਡ ਦਾ ਸਾਹਿਤਿਕ ਰੂਪ ਨੂੰ ਗ੍ਰਹਿਣ ਕੀਤਾ ਸੀ ਤਾਂ ਕਿ ਇਹ ਆਪਣੇ ਪਾਠਕਾਂ ਦੀਆਂ ਲੋੜਾਂ ਅਤੇ ਚਿੰਤਾਵਾਂ ਪੂਰਾ ਕਰ ਸਕੇ।

[11]ਕੈਲੀ, 46. [12]ਜੌਨ ਸਟੌਟ, *ਦ ਕਨਟੈਂਪਰੀ ਕ੍ਰਿਸਚੀਅਨ* (ਲੈਸਟਰ, ਯੂ. ਕੇ.: ਇੰਟਰ-ਵਰਸਿਟੀ ਪ੍ਰੈੱਸ, 1992), 157. [13]ਕ੍ਰਿਦੰਤ ਇੱਕ ਆਦੇਸ਼ਾਤਮਕ ਦਾ ਯੋਗ ਬਲ ਹੋ ਸਕਦਾ ਹੈ, ਖਾਸ ਤੌਰ ਤੇ ਜਦੋਂ ਆਦੇਸ਼ਾਤਮਕਾਂ ਦੀ

ਲੜੀ ਵਿੱਚ ਇਸਤੇਮਾਲ ਹੁੰਦਾ ਹੈ। [14]ਐਡਵਰਡ ਗੋਰਡਨ ਸੈਲਵਨ, *ਦ ਫ੍ਰਸਟ ਅਪਿਟਸਲ ਆਫ਼ ਸੇਂਟ ਪੀਟਰ: ਦ ਗ੍ਰੀਕ ਟੈਕਸਟ, ਵਿਦ ਇੰਟ੍ਰਡਕਸ਼ਨ, ਨੋਟਸ, ਐਂਡ ਐਸੇਸ,* ਥੋਰਨਐਪਲ ਕਮੈਂਟਰੀਜ਼ ਦੂਸਰੀ ਸੋਧ। (ਲੰਡਨ: ਮੈਕਮਿਲਨ ਐਂਡ ਕੰਪਨੀ, 1947; ਮੁੜ ਛਾਪਿਆ, ਗ੍ਰੈਂਡ ਰੈਪਿਡਸ, ਮਿਸ਼ੀਗਨ: ਬੇਕਰ ਬੁੱਕ ਹਾਊਸ, 1981), 131. [15]ਉਸੇ ਸਥਾਨ ਤੇ, 260. ਡੁਏਨ ਵਾਰਡਨ ਵੀ ਵੇਖੋ, "1 ਪਤਰਸ 1:10–12 ਦੇ ਨਬੀ," *ਰੀਸਟੋਰੇਸ਼ਨਨ ਕਵਾਟਰਲੀ* 31 (ਫ੍ਰਸਟ ਕਵਾਟਰ 1989): 1–12. ਜ਼ਿਆਦਾਤਰ ਕਮੈਂਟਰੀਆਂ ਸੇਲਵਨ ਦਾ ਹਵਾਲਾ ਦਿੰਦੀਆਂ ਹਨ ਜਦੋਂ ਉਹ ਇਸ ਵਚਨ ਦੇ ਨਬੀ ਦਾ ਹਵਾਲਾ ਦਿੰਦੀਆਂ ਹਨ, ਭਾਵੇਂ ਉਸ ਨੇ ਉਸ ਦੀ ਨਿੰਦਾ ਕਰਨ ਦੇ ਲਈ ਹੀ ਕਿਉਂ ਨਾ ਕੀਤਾ ਹੋਵੇ। ਸਮੱਸਿਆ ਦਾ ਹੱਲ ਨਹੀਂ ਹੋਇਆ ਹੈ, ਜਿਵੇਂ ਮਾਈਕਲਸ, εἰς ὑμᾶς (*ਆਇਸ ਹਿਊਮੇਸ*) ਵਿੱਚ 1:10 ਇਹ ਅਪੀਲ ਕਰਨ ਦੇ ਦੁਆਰਾ ਸੋਚਦੇ ਜਾਪਦੇ ਹਨ। (ਮਾਈਕਲਸ, 44.) 1:10 ਵਿਚਲੀ ਕਿਰਪਾ ਮਸੀਹੀ ਲੋਕਾਂ ਦੇ ਵਾਸਤੇ ਹੈ, ਜਿਵੇਂ 1:11 ਦੇ ਦੁੱਖ ਮਸੀਹ ਦੀ ਖਾਤਰ ਸਨ। [16]ਵਿਦਵਾਨਾਂ ਦੇ ਕੰਮ ਦਾ ਇੱਕ ਵੱਡਾ ਹਿੱਸਾ ਉਸ ਪ੍ਰਸ਼ਨ ਦੇ ਵਿੱਚ ਲੰਘ ਗਿਆ ਸੀ ਕਿ ਨਵੇਂ ਨੇਮ ਦੇ ਨਬੀ ਕਲੀਸਿਆ ਦੇ ਸਥਾਈ ਮੈਂਬਰ ਸਨ (ਸ਼ਾਇਦ ਜਿਵੇਂ 1 ਕੁਰਿੰਥੀਆਂ 12 ਅਧਿਆਇ ਸੰਕੇਤ ਦਿੱਤਾ ਗਿਆ ਹੈ) ਜਾਂ ਮੁਸਾਫਰ ਸਨ ਜਿਵੇਂ ਯੂਹੰਨਾ ਅਤੇ ਡੀਡਾਜੀ ਵਿੱਚ ਸੁਝਾਅ ਦਿੱਤਾ ਗਿਆ ਹੈ)। ਵਧੇਰੇ ਅਧਿਐਨ ਦੇ ਲਈ, ਡੇਵਿਡ ਹਿਲ ਤੋਂ ਸਲਾਹ ਲਵੋ, *ਨਿਊ ਟੈਸਟਾਮੈਂਟ ਪ੍ਰੋਫਸੀ* (ਅਟਲਾਂਟਾ: ਜੌਨ ਨਾੱਕਸ ਪ੍ਰੈਸ, 1979), 104–9. [17]ਕੈਲੀ, 59. [18]ਹੋਰਟ ਨੇ ਲਿਖਿਆ ਸੀ, "ਕਿਰਪਾ ਅਤੇ ਸਵੀਕਾਰ ਕੀਤੇ ਜਾਣ ਦਾ ਖਾਸ ਅਰਥ ਗੈਰ ਕੌਮਾਂ ਦੇ ਨੇਮ ਵਿੱਚ ਦਾਖਲ ਹੋਣ ਦੀ ਕਿਰਪਾ ਹੋਣਾ ਚਾਹੀਦਾ ਹੈ।" (ਹੋਰਟ, 49.) [19]ਇਸ ਦੇ ਉਲਟ ਦ੍ਰਿਸ਼ ਨੂੰ ਵੇਖਣ ਦੇ ਲਈ ਵੇਖੋ ਵੇਨ ਏ ਗਰੂਡਮ, *ਦ ਫ੍ਰਸਟ ਅਪਿਸਟਲਸ ਆਫ਼ ਪੀਟਰ: ਐਨ ਇੰਟਰੋਡਕਸ਼ਨ ਐਂਡ ਕਮੈਂਟਰੀ,* ਟਿੰਡੇਲ ਨਿਊ ਟੈਸਟਾਮੈਂਟ ਕਮੈਂਟਰੀਸ, ਜਿਲਦ 17 (ਗ੍ਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬੀ. ਈਅਰਡਮੰਸ ਪਬਲਿਸ਼ਿੰਗ ਕੰਪਨੀ, 1988), 69–71. ਗਰੂਡਮ ਦੇ ਹਵਾਲੇ ਵਿਚਲੇ ਵਿਆਕਰਣ ਦੇ ਮਜਬੂਰ ਪ੍ਰਬੰਧਨ ਨੂੰ ਪੜ੍ਹਨਾ ਦਰਦਨਾਕ ਹੈ। ਪ੍ਰਸ਼ਨਾਂ ਵਿੱਚ ਉਸ ਦਾ ਬੁਰਾ ਵਿਵਾਰ ਇੱਕ ਦ੍ਰਿੜ ਤਰਕ ਹੈ ਕਿ ਸੈਲਵਨ ਹਵਾਲੇ ਨੂੰ ਸਹੀ ਤਰੀਕੇ ਨਾਲ ਸਮਝਦਾ ਹੈ। [20]ਅਲਬਰਟ ਕਾਮੂਸ ਵਰਗੇ ਲੇਖਕ ਦੇ ਵਿਸ਼ੇ ਵਿੱਚ ਜੋ ਦਿਲਚਸਪ ਗੱਲ ਹੈ ਉਹ ਇਹ ਹੈ ਕਿ ਉਹ ਪਰਮੇਸ਼ੁਰ ਵਿੱਚ ਵਿਸ਼ਵਾਸ ਤੋਂ ਬਿਨਾਂ ਭੱਦਰਤਾ ਦੀ ਲਾਲਸਾ ਕਰਦਾ ਹੈ। "ਦ ਮਿਥ ਆਫ਼ ਸਿਸੀਫੁਸ ਵਿੱਚ" ਕਾਮੂਸ ਨੇ ਦਾਆਵਾ ਕੀਤਾ, "ਕਿ ਵਿਸ਼ਵਵਿਆਪੀ ਕਾਰਨ, ਵਿਵਹਾਰਿਕ ਜਾਂ ਨੈਤਿਕ, ਕਿ ਨੀਤਿਵਾਦ, ਉਹ ਵਰਗ ਜੋ ਸਭ ਕੁਝ ਸਮਝਾਉਂਦੇ ਹਨ ਉਹ ਇੱਕ ਸੱਭਿਅ ਵਿਅਕਤੀ ਦੇ ਹਸਾਉਣ ਦੇ ਲਈ ਕਾਫੀ ਹਨ।" (ਅਲਬਰਟ ਕਾਮੂਸ, *ਦ ਮਿਥ ਆਫ਼ ਸਿਸੀਫੁਸ ਅਤੇ ਹੋਰ ਨਿਬੰਧ,* ਅਨੁਵਾਦ ਜਸਟਿਨ ਓ ਬਰਾਇਨ [ਨਿਊਯਾਰਕ: ਵਿਨਟੇਜ ਬੁਕਸ, 1955], 16.) ਸੁਖਵਾਦੀ ਦੀ ਆਮ ਨਾਸਤਿਕਤਾ ਦੇ ਵਿਰੁੱਧ, ਕਾਮੂਸ ਦੇ ਅੰਦਰ ਜੀਵਨ ਨੂੰ ਚਾਰ-ਚੁਫੇਰਿਓਂ ਵੇਖਣ ਅਤੇ ਪਰਮੇਸ਼ੁਰ ਦਾ ਇਨਕਾਰ ਕਰਨ ਦੀ ਹਿੰਮਤ ਸੀ। ਉਸ ਨੇ ਇਸ ਗੱਲ ਨੂੰ ਲੱਭਿਆ ਕਿ ਮਨੁੱਖੀ ਜੀਵਨ ਬੇਤੁਕਾ, ਦੁੱਖ ਨਾਲ ਭਰਿਆ ਹੋਇਆ ਅਤੇ ਆਸ ਤੋਂ ਰਹਿਤ ਹੋ ਸਕਦਾ ਹੈ।

[21]ਇਸ ਦੇ ਨਾਲ ਨਾਲ, ਹਵਾਲਾ ਸੁਝਾਅ ਦਿੰਦਾ ਹੈ ਕਿ ਯੂਨਾਨੀ ਕ੍ਰਿਦੰਤ "ਤੁਹਾਡੇ ਮਨ ਨੂੰ ਤਿਆਰ ਕਰ ਰਹੇ ਹਨ" (1:13) ਅਤੇ "ਉਨ੍ਹਾਂ ਦੀ ਪੁਸ਼ਟੀ ਨਹੀਂ ਕੀਤੀ ਜਾ ਰਹੀ ਹੈ" (1:14) ਉਨ੍ਹਾਂ ਨੂੰ ਆਦੇਸ਼ਾਤਮਕ ਬਲ ਦੇ ਦੁਆਰਾ ਇਸਤੇਮਾਲ ਕੀਤੇ ਜਾ ਰਹੇ ਹਾਂ। [22]ਯਹੂਦੀਆਂ ਦੇ ਨਾਲ ਸੰਬੰਧਤ ਮੁਹਾਵਰਿਆਂ ਲਈ 2 ਸਮੂਏਲ 7:10 ਨੂੰ ਵੇਖੋ, ਜਿੱਥੇ ਇਬਰਾਨੀ "ਅਪਰਾਧੀਆਂ ਦੇ ਪੁੱਤ੍ਰ" ਅੰਗ੍ਰਜ਼ੀ ਅਨੁਵਾਦ "ਦੁਸ਼ਟ" ਪਿੱਛੇ ਖੜ੍ਹਾ ਹੈ (ਤੁਲਨਾ ਕਰੋ ਮੱਤੀ 8:12, "ਰਾਜ ਦੇ ਪੁੱਤ੍ਰ," ਅਤੇ ਅਫ਼ਸੀਆਂ 2:3, "ਗਜ਼ਬ ਦੇ ਪੁੱਤ੍ਰ")। [23]ਮੂਲ ਲਿਖਤ ਵਿੱਚ συσχηματιζόμενοι (*ਸਾਸ਼ੇਮੇਟਾਏਜ਼ੋਮੇਨੋਏ*) ਹੈ, ਜੋ ਤਕਨੀਕੀ ਤੌਰ ਦੇ ਇੱਕ ਕ੍ਰਿਦੰਤ ਹੈ ਪਰ ਇੱਥੇ ਇੱਕ ਆਦੇਸ਼ਾਤਮਕ ਬਲ ਦੇ ਨਾਲ ਇਸਤੇਮਾਲ ਹੋ ਰਿਹਾ ਹੈ। [24]ਮਾਈਕਲਸ, 51. [25]ਗਰੂਡਮ, 79. [26]ਉਸੇ ਸਥਾਨ ਤੇ, 80. [27]ਲੈਡ, 564. [28]ਅਰਨੈਸਟ ਬੈਸਟ, *1 ਪਤਰਸ,* ਦ ਸੈਂਚੁਰੀ ਬਾਈਬਲ ਕਮੈਂਟਰੀ (ਗ੍ਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬੀ. ਈਅਰਡਮੰਸ ਪਬਲਿਸ਼ਿੰਗ ਕੰਪਨੀ, 1971), 87. [29]ਜੌਨ ਐੱਚ. ਇਲਿਅਟ, *ਹੋਮ ਫਾਰ ਦ ਹੋਮਲੈਸ: ਏ ਸੋਸ਼ਿਓਲੋਜੀਕਲ ਐਕਸੇਜੀਸਸ ਆਫ਼ 1 ਪੀਟਰ, ਇਟਸ ਸਿਚੂਏਸ਼ਨ ਐਂਡ ਸਟ੍ਰੈਟਇਜੀ* (ਫਿਲਡੇਲਫਿਯਾ: ਫੋਰ੍ਟ੍ਰੈਸ ਪ੍ਰੈੱਸ, 1973), 42. [30]ਵਧੀਆ ਤਰਕ ਦਿੱਤਾ ਕਿ ਇਹ ਹਵਾਲਾ, ਜਿਵੇਂ ਪਤਰਸ ਨੇ ਇਸ ਨੂੰ ਇਸਤੇਮਾਲ ਕੀਤਾ, ਮੁਕਤੀ ਦਾ ਇੱਕ ਹਵਾਲਾ ਸੀ, ਨਾ ਕਿ ਨਿਸਤਾਰੇ ਦਾ ਮੁੱਲ। (ਬੇਸਟ, 89.)

[31]ਫਰਾਂਸਿਸ ਰਾਇਟ ਬੈਰ ਨੇ ਪੁਰਾਣੇ ਨੇਮ ਵਿੱਚ ਅਤੇ ਬੁੱਤਪ੍ਰਸਤ ਦੁਨੀਆਂ ਦੋਵਾਂ ਵਿੱਚ ਪਰਿਵਾਰ ਦੀ ਗਹਿਰੀ ਚਰਚਾ ਦੇ ਲਈ ਸ਼ਬਦ *ਲਿਊਟ੍ਰੋਮਾਈ* ਦੀ ਦੀ ਪੇਸ਼ਕਸ਼ ਕੀਤੀ। (ਫਰਾਂਸਿਸ ਰਾਇਟ ਬੈਰ, *ਦ ਫ੍ਰਸਟ ਅਪਿਸਟਲਸ ਆਫ਼ ਪੀਟਰ: ਦ ਗ੍ਰੀਕ ਟੈਕਸਟ ਵਿਦ ਇਨਫੋਰਮੇਸ਼ਨ ਐਂਡ ਨੋਟਸ,* ਤੀਸਰਾ ਸੰਪਾਦਨ. [ਓਕਸਫੋਰਟ: ਬੇਸਿਲ ਬਲੈਕਵੈਲ, 1970], 103–5.) [32]NASB ਨੇ ਨਵੇਂ ਨੇਮ ਵਿੱਚ ਸ਼ਬਦ "ਪ੍ਰਾਸਚਿਤ" ਦਾ ਇਸਤੇਮਾਲ ਨਹੀਂ ਕੀਤਾ।

KJV ਨੇ ਇੱਕ ਵਾਰ ਰੋਮੀਆਂ 5:11 ਵਿੱਚ ਇਸ ਦਾ ਇਸਤੇਮਾਲ ਕੀਤਾ। NRSV ਨੇ ਇਸ ਸ਼ਬਦ ਦਾ ਇਸਤੇਮਾਲ ਰੋਮੀਆਂ 3:25; ਇਬਰਾਨੀਆਂ 2:17 ਵਿੱਚ ਕੀਤਾ। NIV ਵਿੱਚ ਰੋਮੀਆਂ 3:25; ਇਬਰਾਨੀਆਂ 2:17; 9:5 ਵਿੱਚ ਇਸ ਦੀ ਵਰਤੋਂ ਹੋਈ ਹੈ। [33]ਮਾਈਕਲਸ, 66–67. [34]ਰੋਬਰਟ ਐੱਚ. ਗੰਡਰੀ, "'ਵਰਬਾ ਕ੍ਰਿਸਟੀ' ਪਤਰਸ ਦੀ ਪਹਿਲੀ ਪੱਤ੍ਰੀ ਵਿੱਚ; ਪਤਰਸ ਦੀ ਪਹਿਲੀ ਪੱਤ੍ਰੀ ਦੇ ਲੇਖਕ ਦੇ ਵਿਸ਼ੇ ਵਿੱਚ ਉਨ੍ਹਾਂ ਦੇ ਭਾਵ ਅਤੇ ਇੰਜੀਲ ਪਰੰਪਰਾ ਦੀ ਪ੍ਰਮਾਣਿਕਤਾ," *ਨਿਊ ਟੈਸਟਾਮੈਂਟ ਸਟੱਡੀਸ* 13 (ਜੁਲਾਈ 1967): 339–40. [35]ਰੇਮੰਡ ਸੀ. ਕੈਲਸੀ, *ਦ ਲੈਟਰਸ ਆਫ਼ ਪੀਟਰ ਐਂਡ ਜੂਡ,* ਦ ਲਿਵਿੰਗ ਵਰਲਡ ਕਮੈਂਟਰੀ, ਜਿਲਦ 17 (ਔਸਟਿਨ, ਟੈਕਸਾਸ: ਆਰ. ਬੀ. ਸਵੀਟ ਕੰਪਨੀ, 1972), 38. [36]ਕੈਲੀ, 78. [37]NASB ਰਸੂਲਾਂ ਦੇ ਕਰਤੱਬ 2:40 ਦਾ ਸ਼ਾਬਦਿਕ ਤੌਰ ਤੇ ਅਨਿਸ਼ਚਤ ਉਦਾਸੀਨ ਆਦੇਸ਼ਾਤਮਕ ਅਨੁਵਾਦ ਕਰਦਾ ਹੈ, "ਇਸ ਕੱਬੀ ਪੀਹੜੀ ਕੋਲੋਂ ਬਚਾਓ।" ਪ੍ਰਸ਼ਨ ਉੱਠਦਾ ਹੈ, "ਕਿਵੇਂ ਕੋਈ ਸਾਰਥਕ ਢੰਗ ਦੇ ਨਾਲ ਦੂਸਰੇ ਨੂੰ ਇੱਕ ਅਜਿਹਾ ਕੰਮ ਕਰਨ ਦੇ ਲਈ ਹੁਕਮ ਦੇ ਸਕਦਾ ਹੈ ਜਿਸ ਵਿੱਚ ਸੁਣਨ ਵਾਲਾ ਪੂਰੀ ਤਰ੍ਹਾਂ ਉਦਾਸੀਨ ਹੈ?" ਉਦਾਸੀਨ ਆਗਿਆ ਸੂਚਕ, "ਸੁਣਿਆ ਗਿਆ," "ਪ੍ਰਾਪਤ ਕੀਤਾ," ਅਤੇ ਜਿਵੇਂ, ਅਸਲ ਵਿੱਚ, ਆਗਿਆ ਸੂਚਕ ਬਲ ਹੈ, "ਆਪਣੇ ਆਪ ਨੂੰ ਸੁਣਨ ਦਿਓ," ਜਾਂ "ਆਪਣੇ ਆਪ ਨੂੰ ਗ੍ਰਹਿਣ ਕਰਨ ਦਿਓ।" ਰਸੂਲਾਂ ਦੇ ਕਰਤੱਬ 2:40 ਵਿੱਚ ਪਤਰਸ ਦਾ ਅਰਥ ਇਹੀ ਹੈ। ਉਸ ਦਾ ਆਪਣੇ ਸੁਣਨ ਵਾਲਿਆਂ ਦੇ ਲਈ ਇਹ ਅਰਥ ਸੀ ਕਿ ਆਪਣੇ ਆਪ ਨੂੰ ਬਚਣ ਦਿਓ। ਇਹੀ ਮਾਮਲਾ ਹੋਣਾ ਚਾਹੀਦਾ ਹੈ, ਪਤਰਸ ਉਨ੍ਹਾਂ ਨੂੰ ਹੁਕਮ ਦੇ ਰਿਹਾ ਸੀ ਕਿ ਕੁਝ ਅਜਿਹਾ ਕਰਨ ਜਿਸ ਨੂੰ ਕਰਨਾ ਉਨ੍ਹਾਂ ਦੇ ਆਪਣੇ ਫੈਸਲੇ ਹੋਣ। ਇਹ ਉਹ ਗੱਲ ਸਮਝ ਆਉਂਦੀ ਹੈ ਜਿਸ ਦੇ ਦੁਆਰਾ ਪਤਰਸ ਦੇ ਸੁਣਨ ਵਾਲੇ "ਆਪਣੇ ਆਪ ਨੂੰ ਬਚਾ ਸਕਦੇ ਸਨ।" [38]ਮਾਈਕਲਸ, 75. [39]ਜੌਨ ਬਾਰਟਲੈਟ, *ਪ੍ਰਚਲਿਤ ਹਵਾਲੇ,* 15ਵੀਂ ਜਿਲਦ, ਸੋਧ ਅਤੇ ਸੰਸਕਰਣ., ਸੋਧਿਆ. ਏਮਿਲੀ ਮੌਰਿਸਨ ਬੈੱਕ (ਬੋਸਟਾਨ: ਲਿਟਲ, ਬਰਾਊਨ ਐਂਡ ਕੰਪਨੀ, 1980), 179. [40]ਜੌਨ ਡ੍ਰਾਈਡੈਨ *ਔਰੰਗ-ਜ਼ੇਬ* 4.1.